Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 3 : # ਅੰਕ 265 07/01/2025 www.samajweekly.com samajweekly @samajweekly samajweekly

# ਛੱਤੀਸਗੜ੍ਹ: ਨਕਸਲੀ ਹਮਲੇ ਵਿੱਚ ਅੱਠ ਜਵਾਨਾਂ ਸਣੇ ਨੌਂ ਹਲਾਕ

## ਨਕਸਲੀਆਂ ਨੇ ਸੁਰੱਖਿਆ ਮੁਲਾਜ਼ਮਾਂ ਦਾ ਵਾਹਨ ਉਡਾਇਆ



**ਬੀਜਾਪੁਰ।** ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਬੀਜਾਪੁਰ ਜ਼ਿਲ੍ਹੇ ਵਿੱਚ ਨਕਸਲੀਆਂ ਨੇ ਅੱਜ ਬਾਰੂਦੀ ਸੁਰੰਗ ਵਿੱਚ ਧਮਾਕਾ ਕਰ ਕੇ ਸੁਰੱਖਿਆ ਬਲਾਂ ਦੇ ਵਾਹਨ ਨੂੰ ਉਡਾ ਦਿੱਤਾ। ਇਸ ਹਮਲੇ ਵਿੱਚ ਅੱਠ ਜਵਾਨਾਂ ਸਣੇ ਨੌਂ ਵਿਅਕਤੀਆਂ ਦੀ ਮੌਤ ਹੋ ਗਈ। ਪੁਲੀਸ ਨੇ ਇਹ ਜਾਣਕਾਰੀ ਦਿੱਤੀ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਕੁਟਰੂ ਥਾਣਾ ਖੇਤਰ ਅਧੀਨ ਅੰਬੇਲੀ ਪਿੰਡ ਦੇ ਨੇੜੇ ਨਕਸਲੀਆਂ ਨੇ ਬਾਰੂਦੀ ਸੁਰੰਗ ਵਿੱਚ ਧਮਾਕਾ ਕਰ ਕੇ ਸੁਰੱਖਿਆ ਬਲਾਂ ਦੇ ਵਾਹਨ ਨੂੰ ਉਡਾ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿੱਚ ਦਾਂਤੇਵਾੜਾ ਜ਼ਿਲ੍ਹਾ ਰਿਜ਼ਰਵ ਗਾਰਡ (ਡੀਆਰਜੀ) ਦੇ ਅੱਠ ਜਵਾਨ ਸ਼ਹੀਦ ਹੋ ਗਏ ਹਨ ਅਤੇ ਵਾਹਨ ਚਾਲਕ ਦੀ ਵੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦਾਂਤੇਵਾੜਾ, ਨਾਰਾਇਣਪੁਰਾ ਤੇ ਬੀਜਾਪੁਰ ਜ਼ਿਲ੍ਹਿਆਂ ਦੀ ਸਾਂਝੀ ਟੀਮ ਨੂੰ ਨਕਸਲ ਵਿਰੋਧੀ ਮੁਹਿੰਮ ਲਈ ਰਵਾਨਾ ਕੀਤਾ ਗਿਆ ਸੀ। ਟੀਮ ਅੱਜ ਜਦੋਂ ਮੁਹਿੰਮ ਤੋਂ ਵਾਪਸ ਪਰਤ ਰਹੀ ਸੀ ਤਾਂ ਦੁਪਹਿਰ ਕਰੀਬ 2.15 ਵਜੇ ਕੁਟਰੂ ਥਾਣਾ ਖੇਤਰ ਅਧੀਨ ਅੰਬੇਲੀ ਪਿੰਡ ਨੇੜੇ ਨਕਸਲੀਆਂ ਨੇ ਬਾਰੂਦੀ ਸੁਰੰਗ ਵਿੱਚ ਧਮਾਕਾ ਕਰ ਕੇ ਸੁਰੱਖਿਆ ਬਲਾਂ ਦੇ ਵਾਹਨ ਨੂੰ ਉਡਾ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਵਾਧੂ ਸੁਰੱਖਿਆ ਬਲ ਨੂੰ ਘਟਨਾ ਸਥਾਨ ਲਈ ਰਵਾਨਾ ਕੀਤਾ ਗਿਆ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜਾ ਰਹੀ ਹੈ। ਇਸ ਤੋਂ ਪਹਿਲਾਂ 26 ਅਪਰੈਲ 2023 ਨੂੰ ਗੁਆਂਢੀ ਦਾਂਤੇਵਾੜਾ ਜ਼ਿਲ੍ਹੇ ਵਿੱਚ ਸੁਰੱਖਿਆ ਮੁਲਾਜ਼ਮਾਂ ਨੂੰ ਲੈ ਕੇ ਜਾ ਰਹੇ ਵਾਹਨਾਂ ਦੇ ਕਾਫਲੇ ਵਿੱਚ ਸ਼ਾਮਲ ਇਕ ਐੱਮਯੂਵੀ ਨੂੰ ਨਕਸਲੀਆਂ ਨੇ ਬੰਬ ਨਾਲ ਉਡਾ ਦਿੱਤਾ ਸੀ। ਇਸ ਘਟਨਾ ਵਿੱਚ 10 ਪੁਲੀਸ ਮੁਲਾਜ਼ਮਾਂ ਤੇ ਇਕ ਚਾਲਕ ਦੀ ਮੌਤ ਹੋ ਗਈ ਸੀ।

# ਭਾਰਤ ’ਚ ਹਿਊਮਨ ਮੈਟਾਨਿਊਮੋਵਾਇਰਸ ਦੀ ਦਸਤਕ




**ਨਵੀਂ ਦਿੱਲੀ।** ਹਵਾ ਰਾਹੀਂ ਫੈਲਣ ਵਾਲੇ ਹਿਊਮਨ ਮੈਟਾਨਿਊਮੋਵਾਇਰਸ (ਐੱਚਐੱਮਪੀਵੀ) ਨੇ ਚੀਨ ਤੋਂ ਬਾਅਦ ਹੁਣ ਭਾਰਤ ਵਿੱਚ ਦਸਤਕ ਦਿੱਤੀ ਹੈ। ਕਰਨਾਟਕ, ਤਾਮਿਲ ਨਾਡੂ ਅਤੇ ਗੁਜਰਾਤ ਵਿੱਚ ਅੱਜ ਪੰਜ ਬੱਚੇ ਇਸ ਵਾਇਰਸ ਤੋਂ ਪੀੜਤ ਮਿਲੇ ਹਨ। ਕੇਂਦਰ ਸਰਕਾਰ ਨੇ ਹਸਪਤਾਲਾਂ ਨੂੰ ਤਿਆਰ ਬਰ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਕੇਂਦਰੀ ਸਿਹਤ ਮੰਤਰੀ ਜੇਪੀ ਨੱਢਾ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਘਬਰਾਉਣ ਦੀ ਲੋੜ ਨਹੀਂ ਅਤੇ ਸਥਿਤੀ ’ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਇਸ ਦੌਰਾਨ ਦਿੱਲੀ ਸਰਕਾਰ ਨੇ ਰਾਜਧਾਨੀ ਦੇ ਸਾਰੇ ਹਸਪਤਾਲਾਂ ਨੂੰ ਸਾਹ ਦੀਆਂ ਬਿਮਾਰੀਆਂ ਵਿੱਚ ਸੰਭਾਵੀ ਵਾਧੇ ਨਾਲ ਨਜਿੱਠਣ ਵਾਸਤੇ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ।

ਭਾਰਤੀ ਮੈਡੀਕਲ ਖੋਜ ਕੌਂਸਲ (ਆਈਸੀਐੱਮਆਰ) ਨੇ ਆਮ ਨਿਗਰਾਨੀ ਦੌਰਾਨ ਕਰਨਾਟਕ ਵਿੱਚ ਐੱਚਐੱਮਪੀਵੀ ਦੇ ਦੋ ਮਾਮਲਿਆਂ ਦੀ ਪੁਸ਼ਟੀ ਕੀਤੀ ਹੈ। ਮੰਤਰਾਲੇ ਨੇ ਦੱਸਿਆ ਕਿ ਤਿੰਨ ਮਹੀਨਿਆਂ ਦੀ ਬੱਚੀ ਨੂੰ ‘ਬਰੋਨਕੋਨਿਊਮੋਨੀਆ’ ਦੀ ਸ਼ਿਕਾਇਤ ਸੀ ਅਤੇ ਉਸ ਨੂੰ ਬੰਗਲੂਰੂ ਦੇ ਬੈਪਟਿਸਟ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਉਸ ਦੇ ਐੱਚਐੱਮਪੀਵੀ ਤੋਂ ਪੀੜਤ ਹੋਣ ਦਾ ਪਤਾ ਲੱਗਾ ਸੀ। ਉਸ ਨੂੰ ਪਹਿਲਾਂ ਹੀ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ।

# ਕਿਸਾਨ ਅੰਦੋਲਨ: ਪੰਜਾਬ ਸਰਕਾਰ ਨੇ ਗੱਲਬਾਤ ਸ਼ੁਰੂ ਹੋਣ ਦੀ ਆਸ ਪ੍ਰਗਟਾਈ



**ਨਵੀਂ ਦਿੱਲੀ।** ਪੰਜਾਬ ਤੇ ਹਰਿਆਣਾ ਵਿਚਾਲੇ ਖਨੌਰੀ ਬਾਰਡਰ ’ਤੇ ਪ੍ਰਦਰਸ਼ਨਕਾਰੀ ਕਿਸਾਨਾਂ ਦਾ ਇਕ ਵਫ਼ਦ ਅੱਜ ਬਾਅਦ ਦੁਪਹਿਰ ਕਰੀਬ 3 ਵਜੇ ਸੁਪਰੀਮ ਕੋਰਟ ਵੱਲੋਂ ਨਿਯੁਕਤ ਉੱਚ ਅਧਿਕਾਰਤ ਪ੍ਰਾਪਤ ਕਮੇਟੀ ਨਾਲ ਮੁਲਾਕਾਤ ਕਰੇਗਾ। ਪ੍ਰਦਰਸ਼ਨਕਾਰੀ ਕਿਸਾਨਾਂ ਵਿੱਚ 70 ਸਾਲਾ ਜਗਜੀਤ ਸਿੰਘ ਡੱਲੇਵਾਲ ਵੀ ਸ਼ਾਮਲ ਹਨ ਜੋ ਪਿਛਲੇ 40 ਦਿਨਾਂ ਤੋਂ ਮਰਨ ਵਰਤ ’ਤੇ ਬੈਠੇ ਹਨ ਅਤੇ ਉਨ੍ਹਾਂ ਦੀ ਸਿਹਤ ਸਬੰਧੀ ਚਿੰਤਾਵਾਂ ਕਰ ਕੇ ਪੰਜਾਬ ਸਰਕਾ ਚੌਕਸ ਹੈ ਅਤੇ ਸਿਖ਼ਰਲੀ ਅਦਾਲਤ ਉਨ੍ਹਾਂ ’ਤੇ ਨਜ਼ਰ ਰੱਖ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਜਸਟਿਸ ਸੂਰਿਆਕਾਂਤ ਤੇ ਜਸਟਿਸ ਐੱਨ ਕੋਟਿਸ਼ਵਰ ਸਿੰਘ ਦੇ ਬੈਂਚ ਨੂੰ ਸੂਚਿਤ ਕੀਤਾ ਕਿ ਉਹ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਜਸਟਿਸ (ਸੇਵਾਮੁਕਤ) ਨਵਾਬ ਸਿੰਘ ਨਾਲ ਮਿਲਣ ਲਈ ਰਾਜ਼ੀ ਕਰਨ ’ਚ ਸਫ਼ਲ ਰਹੇ ਹਨ ਜੋ ਕਮੇਟੀ ਦੇ ਪ੍ਰਧਾਨ ਹਨ। ਸਿੱਬਲ ਨੇ ਕਿਹਾ, ‘‘ਅਸੀਂ ਉਨ੍ਹਾਂ ਨੂੰ ਮਨਾਉਣ ਵਿੱਚ ਸਫ਼ਲ ਹੋ ਗਏ ਹਾਂ। ਕ੍ਰਿਪਾ ਮਾਮਲੇ ਨੂੰ ਕਿਸੇ ਹੋਰ ਦਿਨ ਲਈ ਮੁਲਤਵੀ ਕੀਤਾ ਜਾਵੇ। ਸਾਨੂੰ ਕੁਝ ਸਫਲਤਾ ਦੀ ਆਸ ਹੈ।’’

ਇਸ ’ਤੇ ਬੈਂਚ ਨੇ ਕਿਹਾ, ‘‘ਆਸ ਹੈ ਕਿ ਸਾਰਿਆਂ ਨੂੰ ਸਦਬੁੱਧੀ ਆਵੇਗੀ।’’ ਸਿਖਰਲੀ ਅਦਾਲਤ ਨੇ ਸਿੱਬਲ ਨੂੰ ਵਿਚਾਰ-ਚਰਚਾ ਨੂੰ ਲੈ ਕੇ ਸੰਖੇਪ ਨੋਟ ਤਿਆਰ ਕਰਨ ਨੂੰ ਕਿਹਾ ਅਤੇ ਸੁਣਵਾਈ 10 ਜਨਵਰੀ ਲਈ ਮੁਲਤਵੀ ਕਰ ਦਿੱਤੀ।

ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਕਮੇਟੀ ਮੀਟਿੰਗ ਦੇ ਨਤੀਜੇ ’ਤੇ ਇਕ ਸੰਖੇਪ ਨੋਟ ਦਾਖਲ ਕਰੇਗੀ।

ਜਸਟਿਸ ਸੂਰਿਆਕਾਂਤ ਨੇ ਇਸ ’ਤੇ ਸਹਿਮਤੀ ਜ਼ਾਹਿਰ ਕਰਦੇ ਹੋਏ ਕਿਹਾ ਕਿ ਆਸ ਹੈ ਕਿ ਕਮੇਟੀ ਇਕ ਨੋਟ ਦਾਖ਼ਲ ਕਰੇਗੀ।

# HMPV ਕੋਈ ਨਵਾਂ ਵਾਇਰਸ ਨਹੀਂ ਹੈ, ਚਿੰਤਾ ਕਰਨ ਦੀ ਕੋਈ ਲੋੜ ਨਹੀਂ: ਕੇਂਦਰੀ ਸਿਹਤ ਮੰਤਰੀ ਨੱਡਾ

**ਨਵੀਂ ਦਿੱਲੀ।** ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨੇ ਸੋਮਵਾਰ ਨੂੰ ਕਿਹਾ ਕਿ ਹਿਊਮਨ ਮੈਟਾਪਨੀਓਮੋਵਾਇਰਸ (ਐਚਐਮਪੀਵੀ), 2001 ਵਿੱਚ ਪਹਿਲੀ ਵਾਰ ਪਛਾਣਿਆ ਗਿਆ ਇੱਕ ਸਾਹ ਸੰਬੰਧੀ ਵਾਇਰਸ, ਨਵਾਂ ਨਹੀਂ ਹੈ ਅਤੇ ਸਾਲਾਂ ਤੋਂ ਵਿਸ਼ਵ ਪੱਧਰ 'ਤੇ ਫੈਲ ਰਿਹਾ ਹੈ। ਉਸਨੇ ਚੀਨ ਵਿੱਚ ਵੱਧ ਰਹੇ ਕੇਸਾਂ ਅਤੇ ਭਾਰਤ ਵਿੱਚ ਚਾਰ ਕੇਸਾਂ ਦੀ ਰਿਪੋਰਟ ਤੋਂ ਬਾਅਦ ਚਿੰਤਾਵਾਂ ਨੂੰ ਦੂਰ ਕੀਤਾ। ਸਿਹਤ ਮੰਤਰੀ ਨੱਡਾ ਨੇ ਕਿਹਾ, "ਸਿਹਤ ਮਾਹਿਰਾਂ ਨੇ ਸਪੱਸ਼ਟ ਕੀਤਾ ਹੈ ਕਿ HMPV ਕੋਈ ਨਵਾਂ ਵਾਇਰਸ ਨਹੀਂ ਹੈ। ਇਹ ਹਵਾ ਅਤੇ ਸਾਹ ਰਾਹੀਂ ਫੈਲਦਾ ਹੈ ਅਤੇ ਹਰ ਉਮਰ ਵਰਗ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। "ਇਹ ਵਾਇਰਸ ਸਰਦੀਆਂ ਅਤੇ ਬਸੰਤ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਵਧੇਰੇ ਫੈਲਦਾ ਹੈ।" ਸਿਹਤ ਮੰਤਰਾਲਾ, ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ICMR) ਅਤੇ ਨੈਸ਼ਨਲ



ਸੈਂਟਰ ਫਾਰ ਡਿਜ਼ੀਜ਼ ਕੰਟਰੋਲ (NCDC) ਦੇ ਸਹਿਯੋਗ ਨਾਲ ਚੀਨ ਅਤੇ ਗੁਆਂਢੀ ਦੇਸ਼ਾਂ ਦੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਸਨੇ ਕਿਹਾ, "ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਨੇ ਸਥਿਤੀ ਦਾ ਨੋਟਿਸ ਲਿਆ ਹੈ ਅਤੇ ਜਲਦੀ ਹੀ ਆਪਣੀ ਰਿਪੋਰਟ ਸਾਡੇ ਨਾਲ ਸਾਂਝੀ ਕਰੇਗਾ।" ਮੰਤਰੀ ਨੇ ਅੱਗੇ ਕਿਹਾ ਕਿ ICMR ਅਤੇ ਏਕੀਕ੍ਰਿਤ ਬਿਮਾਰੀ ਨਿਗਰਾਨੀ ਪ੍ਰੋਗਰਾਮ ਦੁਆਰਾ ਅੰਕੜਿਆਂ ਦੀ ਸਮੀਖਿਆ ਤੋਂ ਪਤਾ ਚੱਲਿਆ ਹੈ ਕਿ ਭਾਰਤ ਵਿੱਚ ਸਾਹ ਦੀ ਲਾਗ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ। ਤਿਆਰੀ ਨੂੰ ਯਕੀਨੀ ਬਣਾਉਣ ਲਈ, ਉਸਨੇ ਕਿਹਾ ਕਿ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਦੀ ਅਗਵਾਈ ਵਿੱਚ ਇੱਕ ਸੰਯੁਕਤ ਨਿਗਰਾਨੀ ਸਮੂਹ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ 4 ਜਨਵਰੀ ਨੂੰ ਇੱਕ ਮੀਟਿੰਗ ਕੀਤੀ। ਚਿੰਤਾ ਦੀ ਕੋਈ ਗੱਲ ਨਹੀਂ, ਅਸੀਂ ਸਥਿਤੀ ਦੀ ਨਿਗਰਾਨੀ ਕਰ ਰਹੇ ਹਾਂ ਸਿਹਤ ਮੰਤਰੀ ਨੇ ਭਰੋਸਾ ਦਿਵਾਇਆ, "ਦੇਸ਼ ਦੀ ਸਿਹਤ ਪ੍ਰਣਾਲੀ ਅਤੇ ਨਿਗਰਾਨੀ ਨੈਟਵਰਕ ਚੌਕਸ ਹਨ, ਇਹ ਯਕੀਨੀ ਬਣਾਉਂਦੇ ਹੋਏ ਕਿ ਦੇਸ਼ ਕਿਸੇ ਵੀ ਉੱਭਰ ਰਹੀ ਸਿਹਤ ਚੁਣੌਤੀਆਂ ਦਾ ਤੁਰੰਤ ਜਵਾਬ ਦੇਣ ਲਈ ਤਿਆਰ ਹੈ। ਚਿੰਤਾ ਕਰਨ ਦੀ ਕੋਈ ਗੱਲ ਨਹੀਂ ਹੈ। ਅਸੀਂ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ।" HMPV, ਜੋ ਆਮ ਤੌਰ 'ਤੇ ਸਾਹ ਦੀਆਂ ਬੂੰਦਾਂ ਰਾਹੀਂ ਫੈਲਦਾ ਹੈ, ਠੰਡੇ ਮਹੀਨਿਆਂ ਦੌਰਾਨ ਵਧੇਰੇ ਸਰਗਰਮ ਹੁੰਦਾ ਹੈ।

## ਲੁਧਿਆਣਾ ਵਿਚ ਚਾਈਨਾ ਡੋਰ ਨਾਲ ਨੌਜਵਾਨ ਦੀ ਗਰਦਨ 'ਤੇ ਲੱਗਿਆ ਕੱਟ, ਹੋਇਆ ਲਹੂ-ਲੁਹਾਣ



**ਲੁਧਿਆਣਾ।** ਲੁਧਿਆਣਾ ਵਿਚ ਵੱਡੀ ਗਿਣਤੀ ਵਿਚ ਚਾਈਨਾ ਡੋਰ ਵਿਕ ਰਹੀ ਹੈ। ਇਸ ਡੋਰ ਦੀ ਵਰਤੋਂ ਨੂੰ ਰੋਕਣ ਲਈ ਜ਼ਿਲ੍ਹਾ ਪੁਲਿਸ ਦੀ ਕੋਈ ਖ਼ਾਸ ਯੋਜਨਾ ਲੋਕਾਂ ਵਿੱਚ ਨਜ਼ਰ ਨਹੀਂ ਆ ਰਹੀ। ਤਾਜ਼ਾ ਮਾਮਲਾ ਬਸਤੀ ਜੋਧੇਵਾਲ ਇਲਾਕੇ ਤੋਂ ਸਾਹ-ਮਣੇ ਆਇਆ ਹੈ। ਜਿੱਥੇ ਇਕ ਬਾਈਕ ਸਵਾਰ ਦੇ ਗਲੇ ਵਿਚ ਚਾਈਨਾ ਡੋਰ ਫਸਣ ਨਾਲ ਨੌਜਵਾਨ ਦੀ ਗਰਦਨ 'ਤੇ ਕੱਟ ਲੱਗ ਗਿਆ ਹੈ। ਖ਼ੂਨ ਨਾਲ ਲੱਥਪੱਥ ਜ਼ਖ਼ਮੀ ਆਸ਼ੀਸ਼ (21) ਨੂੰ ਈ-ਰਿਕਸ਼ਾ ਵਿਚ ਹਸਪਤਾਲ ਲਿਜਾਇਆ ਗਿਆ। ਇੱਥੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਆਸ਼ੀਸ਼ ਨੂੰ ਦੋ ਹਸਪਤਾਲਾਂ ਤੋਂ ਜਵਾਬ ਦੇ ਦਿੱਤਾ ਗਿਆ , ਜਿਸ ਤੋਂ ਬਾਅਦ ਹੁਣ ਉਸ ਨੂੰ ਸੀਐਮਸੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾ-ਬਕ ਆਸ਼ੀਸ਼ ਏਸੀ ਰਿਪੇਅਰ ਦਾ ਕੰਮ ਕਰਦਾ ਹੈ। ਉਸ ਦੇ ਦੋ ਭੈਣ-ਭਰਾ ਹਨ। ਆਸ਼ੀਸ਼ ਆਪਣੇ ਦੋਸਤ ਨੂੰ ਕਾਰਾਬਾਰਾ ਚੌਕ ਤੋਂ ਬਸਤੀ ਜੋਧੇਵਾਲ ਚੌਕ ਤੱਕ ਛੱਡਣ ਗਿਆ ਸੀ। ਜਦੋਂ ਉਹ ਉਸ ਨੂੰ ਛੱਡ ਕੇ ਵਾਪਸ ਆ ਰਿਹਾ ਸੀ ਤਾਂ ਅਚਾਨਕ ਉਸ ਦੇ ਗਲੇ ਵਿਚ ਚਾਈਨਾ ਡੋਰ ਫਸ ਗਈ। ਜਿਸ ਕਾਰਨ ਉਸ ਦੇ ਗਲੇ 'ਤੇ ਕੱਟ ਲੱਗ ਗਿਆ ਅਤੇ ਉਹ ਬਾਈਕ ਤੋਂ ਡਿੱਗ ਗਿਆ। ਆਸ-ਪਾਸ ਦੇ ਲੋਕਾਂ ਨੇ ਉਸ ਨੂੰ ਗੰਭੀਰ ਹਾਲਤ 'ਚ ਹਸਪਤਾਲ ਪਹੁੰਚਾਇਆ ਪਰ ਉਸ ਨੂੰ ਦੋ ਹਸਪਤਾਲਾਂ 'ਚੋਂ ਜਵਾਬ ਦੇ ਦਿੱਤਾ ਗਿਆ, ਜਿਸ ਤੋਂ ਬਾਅਦ ਉਸ ਨੂੰ ਸੀ.ਐਮ.ਸੀ.ਰੈਫ਼ਰ ਕਰ ਦਿੱਤਾ ਗਿਆ।

## ਸਾਬਕਾ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਜੇਲ੍ਹ ਵਿਚੋਂ ਰਿਹਾਅ



**ਪਟਨਾ।** ਜਨ ਸਵਰਾਜ ਪਾਰਟੀ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਨੂੰ ਸੋਮਵਾਰ ਸ਼ਾਮੀਂ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ ਹੈ। ਹਾਲਾਂਕਿ ਇਸ ਤੋਂ ਪਹਿਲਾਂ ਕਿਸ਼ੋਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਦਿਆ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਸੀ। ਕਿਸ਼ੋਰ ਨੇ ਜ਼ਮਾਨਤ ਦੀਆਂ ਸ਼ਰਤਾਂ ਨੂੰ ਗੈਰਵਾਜਬ ਕਰਾਰ ਦਿੱਤਾ ਸੀ। ਉਂਝ ਇਹ ਫੌਰੀ ਪਤਾ ਨਹੀਂ ਲੱਗਾ ਕਿ ਕੀ ਕਿਸ਼ੋਰ ਨੇ ਕੋਰਟ ਵੱਲੋਂ ਲਾਈਆਂ ਜ਼ਮਾਨਤ ਸ਼ਰਤਾਂ ਸਵੀਕਾਰ ਕਰ ਲਈਆਂ ਜਾਂ ਫਿਰ ਕੋਰਟ ਨੇ ਆਪਣੇ ਹੁਕਮਾਂ ਵਿਚ ਕੋਈ ਤਰਮੀਮ ਕੀਤੀ ਹੈ। ਕਿਸ਼ੋਰ ਨੇ ਹਾਲਾਂਕਿ 'ਬਿਨਾਂ ਸ਼ਰਤ' ਜ਼ਮਾਨਤ ਦਾ ਦਾਅਵਾ ਕੀਤਾ ਹੈ। ਕਿਸ਼ੋਰ ਨੇ ਕਿਹਾ ਕਿ ਉਹ ਆਪਣੇ ਸੱਤਿਆਗ੍ਰਹਿ ਨੂੰ ਜਾਰੀ ਰੱਖਣਗੇ। ਕਿਸ਼ੋਰ ਦੀ ਪਾਰਟੀ ਨਾਲ ਜੁੜੇ ਸੀਨੀਅਰ ਵਕੀਲ ਵਾਈ.ਵੀ.ਗਿਰੀ ਨੇ ਪਹਿਲਾਂ ਕਿਹਾ ਸੀ ਕਿ ਕਿਸ਼ੋਰ ਨੂੰ ਜ਼ਮਾਨਤ ਦੇਣ ਲਈ ਲਾਈਆਂ ਸ਼ਰਤਾਂ ਗੈਰਵਾਜਬ ਹਨ। ਉਨ੍ਹਾਂ ਕਿਹਾ ਕਿ ਕਿਸ਼ੋਰ ਨੂੰ ਲਿਖਤੀ ਹਲਫ਼ਨਾਮਾ ਦਾਖ਼ਲ ਕਰਨ ਦੀ ਸ਼ਰਤ ਲਾਈ ਗਈ ਸੀ, ਜੋ ਇਕ ਤਰ੍ਹਾਂ ਨਾਲ 'ਗੁਨਾਹ ਕਬੂਲ' ਕਰਨ ਦੇ ਬਰਾਬਰ ਹੈ।' ਪਟਨਾ ਦੇ ਐੱਸਐੱਸਪੀ ਅਵਕਾਸ਼ ਕੁਮਾਰ ਨੇ ਕਿਹਾ, "ਕੋਰਟ ਨੇ ਦੇਰ ਸ਼ਾਮ ਕਿਸ਼ੋਰ ਨੂੰ ਜ਼ਮਾਨਤ ਦੇ ਦਿੱਤੀ ਹੈ। ਉਸ ਨੂੰ ਬਿਊਰ ਕੇਂਦਰੀ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ ਹੈ।" ਇਸ ਤੋਂ ਪਹਿਲਾਂ ਅੱਜ ਦਿਨੇਂ ਕਿਸ਼ੋਰ ਨੂੰ ਉਸ ਦੇ ਗੈਰਕਾਨੂੰਨੀ ਮਰਨ ਵਰਤ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਕਿਸ਼ੋਰ ਵੱਲੋਂ ਜ਼ਮਾਨਤ ਸ਼ਰਤਾਂ 'ਤੇ ਉਜ਼ਰ ਜਤਾਏ ਜਾਣ ਮਗਰੋਂ ਸਾਬਕਾ ਚੋਣ ਰਣਨੀਤੀਕਾਰ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ। ਚੇਤੇ ਰਹੇ ਕਿ ਕਿਸ਼ੋਰ ਨੇ ਬਿਹਾਰ ਲੋਕ ਸੇਵਾ ਕਮਿਸ਼ਨ ਦੀ ਪ੍ਰੀਖਿਆ ਰੱਦ ਕਰਨ ਦੀ ਮੰਗ ਨੂੰ ਲੈ ਕੇ ਪਿਛਲੇ ਹਫ਼ਤੇ ਪਟਨਾ ਦੇ ਗਾਂਧੀ ਮੈਦਾਨ ਵਿਚ ਮਰਨ ਵਰਤ ਸ਼ੁਰੂ ਕੀਤਾ ਸੀ। ਪੁਲੀਸ ਨੇ ਪਟਨਾ ਹਾਈ ਕੋਰਟ ਦੇ ਹੁਕਮਾਂ ਦੇ ਹਵਾਲੇ ਨਾਲ ਮਰਨ ਵਰਤ ਨੂੰ ਗੈਰਕਾਨੂੰਨੀ ਐਲਾਨਦਿਆਂ ਕਿਸ਼ੋਰ ਖਿਲਾਫ਼ ਕੇਸ ਦਰਜ ਕੀਤਾ ਸੀ।

## ਠੰਢ ਤੋਂ ਬਚਣ ਲਈ ਲਗਾਇਆ ਹੀਟਰ ਹੀ ਬਣਿਆ ਕਾਲ! ਪਰਿਵਾਰ ਦੇ 5 ਮੈਂਬਰਾਂ ਦੀ ਮੌਤ

**ਜੰਮੂ।** ਜੰਮੂ-ਕਸ਼ਮੀਰ ਦੇ ਪੰਡਰੇਥਾਨ ਇਲਾਕੇ 'ਚ ਇਕ ਹੀ ਪਰਿਵਾਰ ਦੇ 5 ਲੋਕਾਂ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਸ਼ਹਿਰ ਦੇ ਪੰਦਰਥਾਨ ਇਲਾਕੇ 'ਚ ਇਕ ਹੀ ਪਰਿਵਾਰ ਦੇ ਪੰਜ ਮੈਂਬਰਾਂ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਬਾਰਾਮੂਲਾ ਜ਼ਿਲੇ ਦੇ ਉੜੀ ਇਲਾਕੇ ਦੇ ਰਹਿਣ ਵਾਲੇ ਇਕ ਜੋੜੇ ਅਤੇ ਉਨ੍ਹਾਂ ਦੇ ਤਿੰਨ ਬੱਚੇ ਸ਼ਾਮ ਨੂੰ ਆਪਣੇ ਕਿਰਾਏ ਦੇ ਘਰ 'ਚ ਮ੍ਰਿਤਕ ਪਾਏ ਗਏ। ਦਿਨ ਵੇਲੇ ਪਰਿਵਾਰ ਵੱਲੋਂ ਕੋਈ ਗਤੀਵਿਧੀ ਨਾ ਹੋਣ 'ਤੇ ਗੁਆਂਢੀਆਂ ਨੇ ਅਧਿਕਾਰੀਆਂ ਨੂੰ ਸੂਚਿਤ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਰਿਵਾਰ



ਦੀ ਮੌਤ ਦਮ ਘੁੱਟਣ ਨਾਲ ਹੋਈ ਹੈ। ਘਾਟੀ 40 ਦਿਨਾਂ ਤੋਂ ਕੜਾਕੇ ਦੀ ਸਰਦੀ ਵਿੱਚੋਂ ਲੰਘ ਰਹੀ ਹੈ। ਲੋਕ ਜ਼ਿਆਦਾਤਰ ਆਪਣੇ ਘਰਾਂ ਵਿੱਚ ਹੁੰਦੇ ਹਨ ਅਤੇ ਬਰੇਜ਼ੀਅਰ ਉਨ੍ਹਾਂ ਨੂੰ ਨਿੱਘੇ ਰੱਖਣ ਵਿੱਚ ਮਦਦ ਕਰ ਰਹੇ ਹਨ। ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਐਲਜੀ ਨੇ ਸ੍ਰੀਨਗਰ ਦੇ ਪੰਦਰਥਾਨ ਇਲਾਕੇ 'ਚ ਵਾਪਰੀ ਦਰਦਨਾਕ ਘਟਨਾ 'ਚ ਲੋਕਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਦਿੜਬਾ ਕੌਹਰੀਆਂ ਰੋਡ 'ਤੇ ਬਣ ਰਹੇ ਪੁਲ ਨਾਲ ਗੱਡੀ ਟਕਰਾਉਣ ਕਾਰਨ 2 ਜਿਗਰੀ ਯਾਰਾਂ ਦੀ ਮੌਤ



**ਦਿੜ੍ਹਬਾ ।** ਦਿੜਬਾ ਤੋਂ ਇਕ ਦਰਦਨਾਕ ਖਬਰ ਸਾਹਮਣੇ ਆਈ ਹੈ। ਦਿੜਬਾ ਕੌਹਰੀਆਂ ਰੋਡ 'ਤੇ ਬਣ ਰਹੇ ਪੁਲ ਨਾਲ ਗੱਡੀ ਟਕਰਾਉਣ ਕਾਰਨ ਦੋ ਜਿਗਰੀ ਯਾਰਾਂ ਦੀ ਮੌਕੇ 'ਤੇ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਲਾਡੀ ਸਿੰਘ ਪੁੱਤਰ ਮਿੱਠੂ ਸਿੰਘ ਜਤਿੰਦਰ ਸਿੰਘ ਪੁੱਤਰ ਗੁਰਤੇਜ ਸਿੰਘ ਦੋਨਾਂ ਦੀ ਉਮਰ ਲਗਪਗ 20 ਸਾਲ ਦਿੜਬਾ ਤੋਂ ਕਾਰ ਵਿੱਚ ਪਿੰਡ ਰੋਗਲਾ ਜਾ ਰਹੇ ਸਨ ਰਸਤੇ 'ਚ ਵੀ ਬਣ ਰਹੇ ਪੁਲ ਦੇ ਵੱਡੇ ਪੁੱਟੇ ਹੋਏ ਟੋਏ ਕਾਰਨ ਤੇਜ਼ੀ ਨਾਲ ਉਸ ਟੋਏ ਨੂੰ ਪਾਰ ਕਰਕੇ ਦੂਜੇ ਪਾਸੇ ਪਹੁੰਚ ਗਈ ਜਿਸ ਕਾਰਨ ਦੋਵੇਂ ਨੌਜਵਾਨਾਂ ਦੀ ਮੌਕੇ ਤੇ ਹੀ ਮੌਤ ਹੋ ਗਈ ਜਿਸ ਕਾਰਨ ਪਿੰਡ ਵਿੱਚ ਸੋਗ ਦੀ ਲਹਿਰ ਹੈ।

# ਚੜ੍ਹਦੀ ਸਵੇਰ ਵਾਪਰਿਆ ਵੱਡਾ ਹਾਦਸਾ, ਖੱਡ ਵਿਚ ਡਿੱਗੀ ਸਵਾਰੀਆਂ ਨਾਲ ਭਰੀ ਬੱਸ, ਤਿੰਨ ਦੀ ਹੋਈ ਮੌਤ



**ਕੇਰਲ।** ਕੇਰਲ ਦੇ ਇਡੁੱਕੀ ਜ਼ਿਲ੍ਹੇ ਦੇ ਪੁਲੁਪਾਰਾ ਇਲਾਕੇ 'ਚ ਸੋਮਵਾਰ ਸਵੇਰੇ ਇਕ ਵੱਡਾ ਸੜਕ ਹਾਦਸਾ ਵਾਪਰਿਆ। ਤੰਜਾਵੁਰ ਤੋਂ ਮਾਵੇਲੀਕਾਰਾ ਜਾ ਰਹੀ ਇੱਕ ਸਵਾਰੀਆਂ ਨਾਲ ਭਰੀ ਬੱਸ ਖੱਡ ਵਿੱਚ ਡਿੱਗ ਗਈ, ਜਿਸ ਕਾਰਨ ਇੱਕ ਔਰਤ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਬੱਸ ਵਿੱਚ ਕੁੱਲ 34 ਲੋਕ ਸਵਾਰ ਸਨ। ਹਾਦਸਾ ਸਵੇਰੇ ਕਰੀਬ 6 ਵਜੇ ਵਾਪਰਿਆ। ਪੁਲਿਸ ਮੁਤਾਬਕ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਮੁੰਡਾਕਯਾਮ ਦੇ ਇਕ ਨਿੱਜੀ ਹਸਪਤਾਲ 'ਚ ਭੇਜ ਦਿੱਤਾ ਗਿਆ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਜਾਣਗੀਆਂ। ਇਸ ਹਾਦਸੇ 'ਚ ਕਈ ਹੋਰ ਯਾਤਰੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਫ਼ਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਰਾਹਤ ਅਤੇ ਬਚਾਅ ਕਾਰਜ ਤੇਜ਼ੀ ਨਾਲ ਜਾਰੀ ਹਨ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਰਾਸ਼ਟਰੀ ਗੀਤ ਦੇ ਅਪਮਾਨ ’ਤੇ ਭੜਕੇ ਤਾਮਿਲਨਾਡੂ ਦੇ ਰਾਜਪਾਲ



**ਤਾਮਿਲਨਾਡੂ।** ਤਾਮਿਲਨਾਡੂ ਵਿਚ 2025 ਦਾ ਪਹਿਲਾ ਵਿਧਾਨ ਸਭਾ ਸੈਸ਼ਨ ਅੱਜ ਤੋਂ ਸ਼ੁਰੂ ਹੋ ਗਿਆ ਹੈ। ਨਿਯਮਾਂ ਤਹਿਤ ਵਿਧਾਨ ਸਭਾ ਸੈਸ਼ਨ ਦੀ ਸ਼ੁਰੂਆਤ ਰਾਜਪਾਲ ਆਰ ਐਨ ਰਵੀ ਦੇ ਸੰਬੋਧਨ ਨਾਲ ਹੋਣੀ ਸੀ। ਪਰ ਵਿਧਾਨ ਸਭਾ ਸੈਸ਼ਨ ਦੀ ਸ਼ੁਰੂਆਤ ’ਚ ਤਾਮਿਲਨਾਡੂ ਸਰਕਾਰ ਦਾ ਰਾਜ ਗੀਤ ‘ਤਾਮਿਲ ਥਾਈ ਵਜ਼ਥੂ’ ਗਾਇਆ ਗਿਆ। ਇਸ ਕਾਰਨ ਤਾਮਿਲਨਾਡੂ ਦੇ ਰਾਜਪਾਲ ਆਰ ਐਨ ਰਵੀ ਵਿਧਾਨ ਸਭਾ ਸੈਸ਼ਨ ਦੌਰਾਨ ਰਾਸ਼ਟਰੀ ਗੀਤ ਦੇ ਅਪਮਾਨ ਤੋਂ ਨਾਰਾਜ਼ ਹੋ ਗਏ ਅਤੇ ਵਿਧਾਨ ਸਭਾ ਸੈਸ਼ਨ ਨੂੰ ਸੰਬੋਧਨ ਕੀਤੇ ਬਿਨਾਂ ਹੀ ਸਦਨ ਤੋਂ ਚਲੇ ਗਏ। ਪਰੰਪਰਾ ਅਨੁਸਾਰ, ਜਦੋਂ ਸਦਨ ਦੀ ਬੈਠਕ ਸ਼ੁਰੂ ਹੁੰਦੀ ਹੈ ਤਾਂ ਰਾਜ ਗੀਤ ਤਮਿਲ ਥਾਈ ਵਾਲਥੂ ਗਾਇਆ ਜਾਂਦਾ ਹੈ ਅਤੇ ਅੰਤ ਵਿਚ ਰਾਸ਼ਟਰੀ ਗੀਤ ਗਾਇਆ ਜਾਂਦਾ ਹੈ। ਪਰ ਰਾਜਪਾਲ ਰਵੀ ਨੇ ਇਸ ਨਿਯਮ ’ਤੇ ਇਤਰਾਜ਼ ਜਤਾਇਆ ਅਤੇ ਕਿਹਾ ਹੈ ਕਿ ਰਾਸ਼ਟਰੀ ਗੀਤ ਦੋਵੇਂ ਵਾਰ ਗਾਇਆ ਜਾਣਾ ਚਾਹੀਦਾ ਹੈ।

ਅੱਜ ਰਾਜਪਾਲ ਦੇ ਵਾਕਆਊਟ ਤੋਂ ਬਾਅਦ ਰਾਜ ਭਵਨ ਨੇ ਇਕ ਬਿਆਨ ਵਿਚ ਕਿਹਾ, ‘ਇਹ ਸਾਰੀਆਂ ਵਿਧਾਨ ਸਭਾਵਾਂ ਵਿਚ ਰਾਜਪਾਲ ਦੇ ਭਾਸ਼ਣ ਦੇ ਸ਼ੁਰੂ ਅਤੇ ਅੰਤ ਵਿਚ ਗਾਇਆ ਜਾਂਦਾ ਹੈ। ਬਿਆਨ ’ਚ ਅੱਗੇ ਕਿਹਾ ਗਿਆ ਹੈ ਕਿ ਅੱਜ ਰਾਜਪਾਲ ਦੇ ਸਦਨ ’ਚ ਆਉਣ ’ਤੇ ਸਿਰਫ਼ ਤਾਮਿਲ ਥਾਈ ਵਜ਼ਥੂ ਦਾ ਗਾਇਨ ਕੀਤਾ ਗਿਆ। ਰਾਜਪਾਲ ਨੇ ਸਤਿਕਾਰ ਸਹਿਤ ਸਦਨ ਨੂੰ ਅਪਣਾ ਸੰਵਿਧਾਨਕ ਫਰਜ਼ ਯਾਦ ਕਰਵਾਇਆ ਅਤੇ ਮਾਣਯੋਗ ਮੁੱਖ ਮੰਤਰੀ, ਜੋ ਸਦਨ ਦੇ ਆਗੂ ਅਤੇ ਮਾਣਯੋਗ ਸਪੀਕਰ ਹਨ, ਨੂੰ ਰਾਸ਼ਟਰੀ ਗੀਤ ਗਾਉਣ ਦੀ ਅਪੀਲ ਕੀਤੀ ਗਈ। ਰਾਜਪਾਲ ਨੇ ਸਤਿਕਾਰ ਨਾਲ ਸਦਨ ਨੂੰ ਅਪਣਾ ਸੰਵਿਧਾਨਕ ਫਰਜ਼ ਚੇਤੇ ਕਰਵਾਇਆ ਅਤੇ ਰਾਸ਼ਟਰੀ ਗੀਤ ਵਜਾਉਣ ਦੀ ਮੰਗ ਕੀਤੀ ਪਰ ਮੁੱਖ ਮੰਤਰੀ ਐਮ ਕੇ ਸਟਾਲਿਨ ਅਤੇ ਸਦਨ ਦੇ ਸਪੀਕਰ ਨੇ ਉਨ੍ਹਾਂ ਦੀ ਅਪੀਲ ਨੂੰ ਰੱਦ ਕਰ ਦਿਤਾ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਜਿਹੇ ’ਚ ਰਾਜਪਾਲ ਰਾਸ਼ਟਰੀ ਗੀਤ ਅਤੇ ਭਾਰਤ ਦੇ ਸੰਵਿਧਾਨ ਦੇ ਅਪਮਾਨ ’ਤੇ ਨਾਰਾਜ਼ਗੀ ਜਤਾਉਂਦੇ ਹੋਏ ਸਦਨ ਤੋਂ ਬਾਹਰ ਚਲੇ ਗਏ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਰਿਸਰਚ ਚੇਅਰ ਦੀ ਹੋਵੇਗੀ ਸਥਾਪਨਾ

**ਚੰਡੀਗੜ੍ਹ (ਵਾਹਦ ਦੀਦਾਵਰ )** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਿਚ ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਰਿਸਰਚ ਚੇਅਰ ਦੀ ਸਥਾਪਨਾ ਕੀਤੀ ਜਾਵੇਗੀ। ਜਮੁਨਾ ਆਟੋ ਇੰਡਸਟਰੀ ਲਿਮੀਟੇਡ ਨੇ ਅੱਜ ਇਸ ਉਦੇਸ਼ ਦੇ ਲਈ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ 25 ਲੱਖ ਰੁਪਏ ਦਾ ਚੈਕ ਭੇਂਟ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿਖਿਆਵਾਂ ਨਾਲ ਸਬੰਧਿਤ ਵਿਦਿਅਕ ਖੋਜ ਅਤੇ ਸਭਿਆਚਾਰਕ ਅਧਿਐਨ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਇਸ ਰਿਸਰਚ ਚੇਅਰ ਨੂੰ ਜਮੁਨਾ ਆਟੋ ਇੰਡਸਟਰੀ ਲਿਮੀਟੇਡ ਵੱਲੋਂ ਉਨ੍ਹਾਂ ਦੇ ਕਾਰਪੋਰੇਟ ਸਮਾਜਿਕ ਜਿਮੇਵਾਰੀ (ਸੀਐਸਆਰ) ਪ੍ਰੋਗ੍ਰਾਮ ਤਹਿਤ ਫੰਡ ਦਿੱਤਾ ਜਾਵੇਗਾ। ਇਸ ਮੌਕੇ 'ਤੇ ਸੈਰ-ਸਪਾਟਾ ਮੰਤਰੀ



ਸ੍ਰੀ ਅਰਵਿੰਦ ਸ਼ਰਮਾ, ਚੇਅਰਮੈਨ ਜਮੁਨਾ ਇੰਡਸਟਰੀ ਰਣਦੀਪ ਸਿੰਘ ਜੌਹਰ ਅਤੇ ਓਐਸਡੀ ਡਾ. ਪ੍ਰਭਲੀਨ ਸਿੰਘ ਵੀ ਮੌਜੂਦ ਰਹੇ।

ਰਿਸਰਚ ਚੇਅਰ ਦੀ ਸਥਾਪਨਾ ਨਾਲ ਨਾ ਸਿਰਫ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਰਾਸਤ ਦਾ ਸਨਮਾਨ ਹੋਵੇਗਾ, ਸਗੋ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਵਿਦਿਅਕ ਅਤੇ ਖੋਜ ਦੇ ਮੌਕਿਆਂ ਨੂੰ ਪ੍ਰੋਤਸਾਹਨ ਮਿਲੇਗਾ।

# ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੇ ਉਪਕਾਰਾ ਦਾ ਅਸੀਂ ਕਰਜ਼ਾ ਨਹੀਂ ਚੁਕਾ ਸਕਦੇ- ਭਾਈ ਹਰਪਾਲ ਸਿੰਘ

**ਕੈਨੇਡਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਡਿਕਸੀ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਸਹਿਤ ਮਨਾਉਂਦਿਆਂ ਹੋਇਆਂ ਸਾਰਾ ਦਿਨ ਗੁਰਮਤਿ ਦੀਵਾਨ ਸਜਾਏ ਗਏ। ਸਵੇਰ ਦੇ ਸਮੇਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਸਜੇ ਹੋਏ ਦੀਵਾਨਾਂ ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਪਾਲ ਸਿੰਘ ਨੇ ਇਕੱਤਰ ਹੋਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਗੁਰੂ ਸਾਹਿਬ ਦੁਆਰਾ ਦਿੱਤੇ ਉਪਦੇਸ਼ ਉੱਤੇ ਚੱਲਦਿਆਂ ਅੰਮ੍ਰਿਤ ਛਕ ਕੇ ਸਿੰਘ ਸੱਜਣ ਅਤੇ ਜੀਵਨ ਸਫ਼ਲਾ ਕਰਨ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸਾਡੀ ਆਜ਼ਾਦੀ ਅਤੇ ਅਣਖ ਵਾਸਤੇ ਗੁਰੂ ਜੀ ਨੇ ਆਪਣਾ ਸਾਰਾ ਪਰਿਵਾਰ ਨਿਸ਼ਾਵਰ ਕਰ ਦਿੱਤਾ । ਅੱਜ ਸਾਨੂ ਆਪਣੇ ਬੱਚਿਆਂ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਵਾਉਣ ਅਤੇ ਸਿੱਖੀ ਵੱਲ ਪ੍ਰੇਰਤ ਕਰਨ ਦੀ ਸਖ਼ਤ ਲੋੜ ਹੈ । ਇਸ ਲਈ ਉਹਨਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਗੁਰੂ ਘਰ ਵਿਖੇ ਚੱਲ ਰਹੇ ਧਾਰਮਿਕ ਸਕੂਲ ਵਿੱਚ ਦਾਖਲ ਕਰਵਾਉਣ ਤਾਂ ਕਿ ਬੱਚਿਆਂ ਵਿੱਚ ਧਰਮ ਪ੍ਰਤੀ ਜਾਗਰੁਕਤਾਂ ਅਤੇ ਭਾਈਚਾਰਕ ਸਾਂਝ ਪੈਦਾ ਹੋ ਸਕੇ । ਨਾਲ ਹੀ ਮਾਰਚ ਮਹੀਨੇ ਵਿੱਚ ਗੁਰਦੁਆਰਾ ਪ੍ਰਬੰਧਕ



ਕਮੇਟੀ ਦੀ ਆ ਰਹੀ ਚੋਣ ਲਈ ਸਿੱਖ ਸੰਗਤਾਂ ਨੂੰ ਜਾਗਰੂਕ ਕੀਤਾ ਤੇ ਪਾਰਦਰਸ਼ੀ ਤੇ ਸਹੀ ਚੋਣ ਦੁਆਰਾ ਯੋਗ ਪ੍ਰਬੰਧਕਾਂ ਨੂੰ ਚੁਣਨ ਦਾ ਸੱਦਾ ਵੀ ਦਿੱਤਾ ਅਤੇ ਗੁਰਦੁਆਰਾ ਸਾਹਿਬ ਵਿਖੇ ਸੇਵਾਵਾਂ ਨਿਭਾ ਰਹੇ ਸਮੂਹ ਗ੍ਰੰਥੀ ਸਿੰਘਾਂ ਅਤੇ ਜਥਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਮੌਜੂਦਾ ਕਮੇਟੀ ਦੇ ਕਾਰਜਾਂ ਵਿੱਚ ਸਥਾਨਕ ਸੰਗਤਾਂ ਵਲੋਂ ਜੋ ਸਹਿਯੋਗ ਅਤੇ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ ਇਸ ਲਈ ਉਹ ਹਮੇਸ਼ਾਂ ਸੰਗਤਾਂ ਦੇ ਰਿਣੀ ਰਹਿਣਗੇ। ਗੁਰ-ਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਗਿੱਲ ਵਲੋਂ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਆਈਆਂ ਹੋਈਆਂ ਹੋਈ ਸੰਗਤਾਂ ਨੂੰ ਮੁਬਾਰਕਬਾਦ ਪੇਸ਼ ਕੀਤੀ। ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਵੱਖ ਵੱਖ ਸੇਵਾਵਾਂ ਨਿਭਾ ਰਹੇ ਵਲੰਟੀਅਰਜ਼ ਅਤੇ ਸੇਵਾਦਾਰਾਂ ਦਾ ਸਹਿਯੋਗ ਗੁਰਦਵਾਰਾ ਸਾਹਿਬ ਦੇ ਪ੍ਰਬੰਧਾਂ ਵਿਚ ਬਹੁਤ ਵੱਡਾ ਸਥਾਨ ਰੱਖਦਾ ਹੈ ਅਤੇ ਇਨ੍ਹਾਂ ਸੇਵਾਵਾਂ ਤੋਂ ਬਿਨਾ ਇਹ ਕਾਰਜ ਸੰਪੰਨ ਨਹੀਂ ਹੋ ਸਕਦੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਪੰਡੋਰੀ, ਮੀਤ ਪ੍ਰਧਾਨ ਗੁਰਿੰਦਰ ਸਿੰਘ ਭੁੱਲਰ, ਖਜ਼ਾਨਚੀ ਭੁਪਿੰਦਰ ਸਿੰਘ ਬਾਠ, ਡਾਇਰੈਕਟਰ ਸਰਦ-ਾਰਾ ਸਿੰਘ, ਡਾਇਰੈਕਟਰ ਜਸਵਿੰਦਰ ਸਿੰਘ, ਨਵਜੀਤ ਸਿੰਘ, ਮਨੋਹਰ ਸਿੰਘ ਖਹਿਰਾ, ਸਰਬਜੀਤ ਸਿੰਘ , ਹੈੱਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਪਿੰਡ ਤੱਖਰਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਨਗਰ ਕੀਰਤਨ ਸਜਾਇਆ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ ।** ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਸਮੁੱਚੇ ਪੰਜਾਬ ਭਾਰਤ ਦੇ ਦੇਸ਼ਾਂ ਵਿਦੇਸ਼ਾਂ ਵਿੱਚ ਮਨਾਏ ਜਾਂਦੇ ਹਨ। ਗੁਰਦੁਆਰਾ ਸਾਹਿਬ ਵਿੱਚ ਅਖੰਡ ਪਾਠ ਰਖਾਏ ਜਾਂਦੇ ਹਨ ਦੀਵਾਨ ਲੱਗਦੇ ਹਨ ਨਗਰ ਕੀਰਤਨ ਕੱਢੇ ਜਾਂਦੇ ਹਨ। ਇਸੇ ਤਰ੍ਹਾਂ ਹੀ ਮਾਛੀਵਾੜੇ ਇਲਾਕੇ ਦੇ ਪਿੰਡ ਤੱਖਰਾਂ ਵਿੱਚ ਦਸ਼ਮੇਸ਼ ਪਿਤਾ, ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਗੁਰਦੁਆਰਾ ਬਾਬਾ ਸੁੰਦਰ ਦਾਸ ਜੀ ਵਿੱਚ ਅਖੰਡ ਪਾਠ ਆਰੰਭ ਕਰਵਾਏ ਜਿਨਾਂ ਦਾ ਅੱਜ ਭੋਗ ਪਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ





ਗਿਆਨੀ ਅਜਮੇਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹ-ਾਸ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ। ਅਖੰਡ ਪਾਠ ਜੀ ਦੇ ਭੋਗ ਦੀ ਸਮਾਪਤੀ ਤੋਂ ਬਾਅਦ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਜੋ ਸਮੁੱਚੇ ਨਗਰ ਤੇ ਖੋਖਰਾਂ ਵਿੱਚੋਂ ਦੀ ਗੁਜਰਦਾ ਹੋਇਆ ਮੁੜ ਗੁਰਦੁਆਰਾ ਸਾਹਿਬ ਵਿੱਚ ਹੀ ਸਮਾਪਤ ਹੋਇਆ। ਇਸ ਮੌਕੇ ਉੱਤੇ ਕਵੀਸ਼ਰੀ ਕੀਰਤਨੀ ਜਥਿਆ ਨੇ ਗੁਰੂ ਇਤਿਹਾਸ ਸੁਣਾਇਆ ਗਤਕਾ ਪਾਰਟੀ ਨੇ ਗਤਕੇ ਤੇ ਜ਼ੌਹਰ ਵੀ ਦਿਖਾਏ। ਗੁਰਦੁਆਰਾ ਭਗਤ ਰਵਿਦਾਸ ਜੀ ਦੇ ਪ੍ਰਬੰਧਕਾਂ ਵੱਲੋਂ ਨਗਰ ਕੀਰਤਨ ਵਿੱਚ ਪੁੱਜੀ ਵੱਡੀ ਗਿਣਤੀ ਵਿੱਚ ਸੰਗਤ ਲਈ ਚਾਹ ਬ੍ਰੈਡ ਤੇ ਅਤੁੱਟ ਲੰਗਰ ਵਰਤਾਏ ਗਏ। ਨਗਰ ਨਿਵਾਸੀਆਂ ਨੇ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਸਵਾਗਤ ਕੀਤਾ। ਇਸ ਮੌਕੇ ਗੁਰਦੁਆਰਾ ਭਗਤ ਰਵਿਦਾਸ ਜੀ ਦੇ ਸੇਵਾਦਾਰ ਗਿਆਨੀ ਹਰਪਾਲ ਸਿੰਘ, ਸੂਬੇਦਾਰ ਹਰੀ ਸਿੰਘ, ਭੀਮ ਸਿੰਘ, ਗੁਰਦੇਵ ਸਿੰਘ ਡੁਬਈ, ਬਾਬਾ ਦੀਪ ਸਿੰਘ ਕਰਮਜੀਤ ਸਿੰਘ ਗੁਰਦੁਆਰਾ ਸਾਹਿਬ ਤੇ ਗ੍ਰੰਥੀ ਬਾਬਾ ਬਲਵਿੰਦਰ ਸਿੰਘ,ਸੂਬੇਦਾਰ ਨਰਿੰਦਰ ਸਿੰਘ,ਗੁਰਮੁਖ ਸਿੰਘ ਫੌਜੀ, ਬਿੱਟੂ ਚਿੱਤਰਕਾਰ, ਜਗਦੀਸ ਜੱਗੀ, ਨਵੀਂ ਖੋਖਰਾਂ,ਮਨਦੀਪ ਸਿੰਘ, ਲਾਲਾ ਇਲੈਕਟਰੀਸਨ,ਬਿੱਲੂ ਡਾਕਟਰ ਤੇ ਪਿੰਡ ਦੀ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਿੰਡ ਭਾਣੋ ਲੰਗਾ ਦੇ ਅੱਡੇ ਤੇ ਦੁਕਾਨ ਉੱਤੇ ਚੋਰੀ ਦੀ ਵਾਰਦਾਤ ਨੂੰ ਰੋਕਣ ਆਏ ਦੁਕਾਨ ਮਾਲਕ ਤੇ ਚੋਰ ਦੋਹਾਂ ਦੀ ਮੌਤ

ਦੁਕਾਨ ਮਾਲਕ ਆਰ ਐੱਮ ਪੀ ਡਾਕਟਰ ਦੀ ਗੋਲੀ ਲੱਗਣ ਕਾਰਨ ਮੌਤ, ਪੁਲਿਸ ਕਰ ਰਹੀ ਮਾਮਲਾ ਦੀ ਜਾਂਚ




ਚੋਰ ਵੱਲੋਂ ਦੁਕਾਨ ਦਾ ਸ਼ਟਰ ਦੇ ਤੋੜੇ ਤਾਲੇ ਤੇ ਮ੍ਰਿਤਕ ਦੁਕਾਨ ਮਾਲਕ ਡਾਕਟਰ ਗੁਰਚਰਨ ਸਿੰਘ ਦੀ ਫਾਈਲ ਤਸਵੀਰ



**ਕਪੂਰਥਲਾ, (ਕੌੜਾ)–** ਕਪੂਰਥਲਾ ਦੇ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਤੋਂ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਅਨੁਸਾਰ ਬੀਤੀ ਰਾਤ ਕਰੀਬ ਡੇਢ ਦੇ ਵਜੇ ਸੁਲਤਾਨਪੁਰ ਲੋਧੀ ਦੇ ਪਿੰਡ ਭਾਣੋ ਲੰਗਾ ਦੇ ਅੱਡੇ ਤੇ ਸਥਿਤ ਮਾਰਕੀਟ ਵਿੱਚ ਇੱਕ ਦੁਕਾਨ ਨੂੰ ਚੋਰਾਂ ਵੱਲੋਂ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਚੋਰ ਦੁਕਾਨਦਾਰ ਸ਼ਟਰ ਤੋੜ ਰਹੇ ਸਨ ਇਨੇ ਨੂੰ ਦੁਕਾਨ ਮਾਲਕ ਆਰ ਐੱਮ ਪੀ ਡਾ. ਗੁਰਚਰਨ ਸਿੰਘ ਨੂੰ ਇਸ ਘਟਨਾ ਬਾਬਤ ਸੂਚਨਾ ਮਿਲਦੀ ਹੈ। ਜਿਸ ਤੋਂ ਬਾਅਦ ਚੋਰਾਂ ਨੂੰ ਭਜਾਉਣ ਲਈ ਉਕਤ ਡਾਕਟਰ ਆਪਣੇ ਪਰਿਵਾਰਿਕ ਮੈਂਬਰਾਂ ਦੇ ਨਾਲ ਮੌਕੇ ਤੇ ਪਹੁੰਚਦਾ ਹੈ। ਜਿੱਥੇ ਕਥਿਤ ਤੌਰ ਤੇ ਚੋਰਾਂ ਦੇ ਨਾਲ ਉਹ ਗੁੱਥਮ ਗੁੱਥੀ ਹੋ ਜਾਂਦੇ ਹਨ। ਇਸ ਦੌਰਾਨ ਡਾਕਟਰ ਦੀ ਲਾਇਸੈਂਸੀ ਬੰਦੂਕ ਵਿੱਚੋਂ ਫਾਇਰ ਹੋ ਜਾਂਦਾ ਹੈ। ਜੋ ਕਥਿਤ ਤੌਰ ਤੇ ਡਾਕਟਰ ਦੇ ਹੀ ਲੱਗ ਜਾਂਦਾ ਹੈ, ਅਤੇ ਉਸਦੀ ਮੌਤ ਹੋ ਜਾਂਦੀ ਹੈ। ਇਸ ਘਟਨਾ ਵਿੱਚ ਇੱਕ ਚੋਰ ਦੀ ਵੀ ਮੌਤ ਹੋਈ ਹੈ, ਜੋਕਿ ਪ੍ਰਵਾਸੀ ਮਜ਼ਦੂਰ ਦੱਸਿਆ ਜਾ ਰਿਹਾ ਹੈ, ਫਿਲਹਾਲ ਉਸਦੀ ਸ਼ਨਾਖਤ ਨਹੀਂ ਹੋ ਸਕੀ ਹੈ। ਇਸ ਬਾਬਤ ਗੱਲਬਾਤ ਕਰਦੇ ਹੋਏ ਡੀਐਸਪੀ ਸੁਲਤਾਨਪੁਰ ਲੋਧੀ ਗੁਰਮੀਤ ਸਿੰਘ ਨੇ ਕਿ ਪੁਲਿਸ ਵੱਲੋਂ ਦੋਹਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਦੀਆਂ ਮੋਰਚਰੀਆਂ ਵਿੱਚ ਰਖਵਾ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮੋਗਾ ਦੀ ਕਿਸਾਨ-ਮਜਦੂਰ ਮਹਾਂ-ਪੰਚਾਇਤ ਚ ਹੋਵੇਗਾ ਲੱਖਾਂ ਕਿਸਾਨਾਂ ਦਾ ਇਕੱਠ -ਸੁੱਖ ਗਿੱਲ ਮੋਗਾ

ਕਰਜ ਮੁਆਫੀ,ਐਮ.ਐਸ.ਪੀ ਗਰੰਟੀ ਕਨੂੰਨ,ਪੈਂਡਿੰਗ ਮੰਗਾਂ ਅਤੇ ਡੱਲੇਵਾਲ ਸਮੇਤ ਕਿਸਾਨ ਅੰਦੋਲਨ ਦੀ ਹਮਾਇਤ ਲਈ ਮੋਗਾ ਚ ਕੀਤੀ ਜਾ ਰਹੀ ਹੈ ਮਹਾਂ-ਪੰਚਾਇਤ



**ਮੋਗਾ ( ਚੰਦੀ )–** ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ 32 ਜਥੇਬੰਦੀਆਂ ਵੱਲੋਂ ਕਿਸਾਨਾਂ ਦੀਆਂ ਪੈਂਡਿੰਗ ਪਈਆਂ ਮੰਗਾਂ,ਪੂਰਨ ਕਰਜ ਮੁਆਫੀ,ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਅਤੇ ਮੋਰਚੇ ਦੀ ਹਮਾਇਤ ਲਈ ਮੋਗਾ ਦੀ ਦਾਣਾ ਮੰਡੀ ਵਿਖੇ 9 ਜਨਵਰੀ ਨੂੰ ਸਵੇਰੇ 10 ਵਜੇ ਕਿਸਾਨ-ਮਜਦੂਰ ਮਹਾਂ ਪੰਚਾਇਤ ਰੱਖੀ ਗਈ ਹੈ,ਇਸ ਕਿਸਾਨ ਮਹਾਂ ਪੰਚਾਇਤ ਵਿੱਚ ਲੱਖਾਂ ਕਿਸਾਨਾਂ ਮਜ਼ਦੂਰਾਂ ਦਾ ਇਕੱਠ ਹੋਵੇਗਾ ਇਸ ਬਾਰੇ ਮੀਡੀਆ ਨੂੰ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ,ਆਗੂ ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਜਾਣਕਾਰੀ ਦਿੱਤੀ,ਉਹਨਾਂ ਕਿਹਾ ਕੇ ਕਿਸਾਨੀ ਮੰਗਾਂ ਨੂੰ ਲੈਕੇ ਚੱਲ ਰਹੇ ਸੰਘਰਸ਼ ਦੀ ਹਮਾਇਤ ਲਈ ਹੀ ਇਹ ਕਿਸਾਨ ਮਹਾਂ ਪੰਚਾਇਤ ਰੱਖੀ ਗਈ ਹੈ,ਉਹਨਾਂ ਕਿਹਾ ਕੇ ਬੇਸ਼ੱਕ ਪਰਿਵਾਰਾਂ ਚ ਵੀ ਦੋ ਭਰਾਵਾਂ ਚ ਮੱਤਭੇਦ ਹੋ ਜਾਂਦੇ ਹਨ ਪਰ ਜਦੋਂ ਬਾਹਰਲਾ ਕੋਈ ਵੀ ਦੁਸ਼ਮਣ ਇੱਕ ਭਰਾ ਤੇ ਹਮਲਾ ਕਰੇ ਤਾਂ ਦੂਜਾ ਭਰਾ,ਭਰਾ ਤੇ ਹੋਏ ਹਮਲੇ ਦਾ ਠੋਕਵਾਂ ਜਵਾਬ ਦੇਂਦਾ ਹੈ ਏਸੇ ਤਰਾਂ ਹੀ ਸਾਡੇ ਤੋਂ ਵੱਖ ਹੋਏ ਸਾਡੇ ਭਰਾ ਤੇ ਸਮੇਂ-ਸਮੇਂ ਸਰਕਾਰਾਂ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਹਰ ਵੇਲੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਦੁਸ਼ਮਣ ਨੂੰ ਠੋਕਵਾਂ ਜਵਾਬ ਦਿੱਤਾ ਹੈ, ਸੁੱਖ ਗਿੱਲ ਮੋਗਾ ਨੇ ਕਿਹਾ ਕੇ ਮੋਗਾ ਦੀ ਮਹਾਂ ਪੰਚਾਇਤ ਵੀ ਚਲਦੇ ਸੰਘਰਸ਼ ਦੀ ਹਮਾਇਤ ਅਤੇ ਬੀਜੇਪੀ ਦੀ ਕੇਂਦਰ ਸਰਕਾਰ ਨੂੰ ਲਲਕਾਰ ਵੀ ਹੈ ਕੇ ਜਿਓਂ-ਜਿਓਂ ਤੁਸੀਂ ਪੰਜਾਬੀਆਂ ਤੇ ਜ਼ੁਲਮ ਕਰੋਗੇ ਇਹ ਉਸ ਤੋਂ ਵੀ ਵੱਧਕੇ ਸਰਕਾਰਾਂ ਅੱਗੇ ਹਿੱਕ ਤਾਣ ਕੇ ਖੜ੍ਹੇ ਹੋਣਗੇ,ਜਿਵੇਂ ਕਿਸੇ ਨੇ ਕਿਹਾ "ਮੰਨੂ ਸਾਡੀ ਦਾਤਰੀ,ਅਸੀਂ ਮੰਨੂ ਦੇ ਸੋਏ,ਜਿਉਂ-ਜਿਉਂ ਮੰਨੂ ਵੱਡਦਾ, ਅਸੀਂ ਦੂਣ ਸਵਾਇਆ ਹੋਏ, ਅੱਗੇ ਬੋਲਦਿਆਂ ਸੁੱਖ ਗਿੱਲ ਮੋਗਾ ਨੇ ਕਿਸਾਨਾਂ-ਮਜਦੂਰਾਂ, ਬੀਬੀਆਂ-ਭੈਣਾਂ,ਦੁਕਾਨਦਾਰਾਂ,ਸਮਾਜ ਸੇਵੀਆਂ ਅਤੇ ਮੁਲਾਜ਼ਮ ਜਥੇਬੰਦੀਆਂ ਨੂੰ ਮੋਗਾ ਦੀ ਦਾਣਾ ਮੰਡੀ ਚ 9 ਜਨਵਰੀ ਨੂੰ ਹੋਣ ਵਾਲੀ ਕਿਸਾਨ-ਮਜਦੂਰ ਮਹਾਂ ਪੰਚਾਇਤ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਅਤੇ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਜਥੇਬੰਦੀ ਦੇ ਇੱਕ-ਇੱਕ ਜ਼ਿਲ੍ਹੇ ਚੋਂ 25-25 ਗੱਡੀਆਂ ਜਾਂ ਟਰੈਕਟਰ-ਟਰਾਲੀਆਂ ਲਿਉਣ ਦੀ ਹਦਾਇਤ ਕੀਤੀ ਗਈ ਹੈ, ਉਹਨਾਂ ਕਿਹਾ ਕੇ ਸਾਰੇ ਜ਼ਿਲੇ ਪ੍ਰਧਾਨ,ਸੂਬਾ ਆਗੂ,ਬਲਾਕ ਪ੍ਰਧਾਨ ਅਤੇ ਇਕਾਈ ਪ੍ਰਧਾਨ 8 ਜਨਵਰੀ ਨੂੰ ਆਪੋ ਆਵਦੇ ਜ਼ਿਲਿਆਂ ਚ ਮੀਟਿੰਗਾਂ ਕਰਕੇ ਕਿਸਾਨਾਂ ਮਜ਼ਦੂਰਾਂ ਦੀਆਂ ਡਿਊਟੀਆਂ ਲਾਉਣ ਤਾਂ ਕੇ 9 ਜਨਵਰੀ ਨੂੰ ਸਮੇਂ ਸਿਰ ਵੱਡੇ ਕਾਫਲੇ ਲੈਕੇ ਮਹਾਂ ਪੰਚਾਇਤ ਵਿੱਚ ਸ਼ਾਮਲ ਹੋ ਸਕੀਏ।

# ਗ੍ਰੇਟ ਖਲੀ ਨੇ ਧੁੰਦ ਦੇ ਹਾਦਸਿਆਂ ਤੋਂ ਬਚਾਉਣ ਲਈ ਰਿਫਲੈਕਟਰ ਸਟਿੱਕਰ ਲਾਉਣ ਦੀ ਕੀਤੀ ਆਰੰਭਤਾ





ਤਸਵੀਰ ਵਿੱਚ ਰਿਫਲੈਕਟਰ ਸਟਿੱਕਰ ਲਗਾਉਂਦੇ ਹੋਏ ਗ੍ਰੇਟ ਖਲੀ ਸ੍ਰ ਇਕਬਾਲ ਸਿੰਘ ਗਿਲ ਆਈ.ਪੀ.ਐਸ, ਜਸਵੰਤ ਸਿੰਘ ਛਾਪਾ, ਜੱਥੇਦਾਰ ਤਰਨਜੀਤ ਸਿੰਘ ਨਿਮਾਣਾ।

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਰਬੰਸਦਾਨੀ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਤੇ ਕੀਮਤੀ ਮਨੁੱਖੀ ਜ਼ਿੰਦਗੀਆਂ ਨੂੰ ਬਚਾਉਣ ਲਈ ਸਰਬੱਤ ਦਾ ਭਲਾ (ਚੈ) ਟ੍ਰਸਟ ਵੱਲੋਂ ਬਾਬਾ ਮੇਜਰ ਸਿੰਘ ਜੀ ਕਾਰ-ਸੇਵਾ ਵਾਲਿਆਂ ਦੀ ਅਗਵਾਈ ਹੇਠ ਲੁਧਿਆਣਾ ਜ਼ਿਲ੍ਹੇ ਵਿੱਚ ਹਜ਼ਾਰਾਂ ਗੱਡੀਆਂ ਤੇ ਰਿਫਲੈਕਟਰ ਸਟਿੱਕਰ ਲਗਾਉਣ ਦੀ ਆਰੰਭਤਾ ਗੁ: ਰੇਰੂ ਸਾਹਿਬ,ਪਾ: ਦਸਵੀਂ, ਸਾਹਨੇਵਾਲ ਵਿਖੇ ਵਰਲਡ ਫੇਮਸ ਗ੍ਰੇਟ ਖਲੀ, ਸ੍ਰ: ਇਕਬਾਲ ਸਿੰਘ ਗਿੱਲ ਆਈ.ਪੀ.ਐਸ, ਗੁਰਪ੍ਰੀਤ ਸਿੰਘ ਸਿੱਧੂ ਏ.ਸੀ.ਪੀ. ਟ੍ਰੈਫਿਕ ਟੂ, ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਅਤੇ ਬਲਜੀਤ ਸਿੰਘ ਹਰਾ ਪ੍ਰਧਾਨ ਗੁ: ਰੇਰੂ ਸਾਹਿਬ ਨੇ ਕੀਤੀ। ਇਸ ਮੌਕੇ ਤੇ ਸਰਬੱਤ ਦਾ ਭਲਾ (ਚੈ) ਟ੍ਰਸਟ ਦੇ ਮੁੱਖੀ ਡਾ: ਐਸ.ਪੀ.ਸਿੰਘ ਓਬਰਾਏ ਦੀ ਟੀਮ ਲੁਧਿਆਣਾ ਦੇ ਪ੍ਰਧਾਨ ਸ੍ਰ: ਜਸਵੰਤ ਸਿੰਘ ਛਾਪਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮਨੁੱਖਤਾ ਦੇ ਭਲੇ ਲਈ ਜ਼ਿਲ੍ਹਾ ਲੁਧਿਆਣਾ ਵਿਖੇ ਕਈ ਉਪਰਾਲੇ ਕੀਤੇ ਜਾ ਰਹੇ ਹਨ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦਾ ਵਰਲਡ ਫੇਮਸ ਗ੍ਰੇਟ ਖਲੀ ਨੇ ਕੀਤਾ। ਇਸ ਸਮੇਂ ਗ੍ਰੇਟ ਖਲੀ ਨੇ ਧੁੰਧ ਦੇ ਮੌਸਮ ਵਿੱਚ ਹਾਦਸਿਆਂ ਤੋਂ ਕੀਮਤੀ ਜਾਨਾਂ ਬਚਾਉਣ ਲਈ ਸਰਬੱਤ ਦਾ ਭਲਾ (ਚੈ) ਟ੍ਰਸਟ ਹਰ ਸਾਲ ਦੀ ਤਰ੍ਹਾਂ ਗੱਡੀਆਂ ਤੇ ਰਿਫਲੈਕਟਰ ਸਟਿੱਕਰ ਲਗਾਉਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਜਗਦੇਵ ਸਿੰਘ ਐਸ.ਐਚ.ਓ. ਦਿਨੇਸ਼ ਰਾਠੌਰ ਸਬ ਇੰਸਪੈਕਟਰ, ਏ.ਐਸ.ਆਈ. ਵਿਸ਼ਵਵਿੰਦਰ ਸ਼ਰਮਾ ਟ੍ਰੈਫਿਕ ਇੰਚਾਰਜ, ਗੁਰਮੀਤ ਸਿੰਘ ਪੱਪੂ ਤਲਵਾੜਾ ਕੌਂਸਲਰ, ਪਰਵਿੰਦਰ ਸਿੰਘ ਸੰਧੂ ਕੌਂਸਲਰ, ਮਲਕੀਤ ਸਿੰਘ, ਪਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਜਸਵੀਰ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ ਦੀਪਾ, ਕੁਲਜੀਤ ਸਿੰਘ ਹਰਾ, ਸਰਬਜੀਤ ਸਿੰਘ ਝਬਾਲ, ਅਮਰਜੀਤ ਸਿੰਘ ਮੁਹਾਰ, ਪ੍ਰੇਮ ਸਿੰਘ ਝਬਾਲ, ਕਾਲਾ ਸਿੰਘ ਖੁਰਲ, ਅਮਰਿੰਦਰ ਸਿੰਘ ਗੁਰਮ, ਰਵਿੰਦਰ ਸਿੰਘ ਗੁਰਮ, ਸੁਰਜੀਤ ਸਿੰਘ, ਬਲਦੇਵ ਸਿੰਘ ਯੂ.ਐਸ.ਏ., ਅਮਰਜੀਤ ਸਿੰਘ ਭੱਟੀ, ਬਲਦੇਵ ਸਿੰਘ ਹਾਜ਼ਰ ਸਨ ।

# ਸਰਕਾਰੀ ਡਾਕਟਰਾਂ ਵੱਲੋਂ ਮੁੜ ਹੜਤਾਲ ਤੇ ਜਾਣ ਦਾ ਐਲਾਨ

**ਮਾਨਸਾ ( ਚਾਨਣ ਦੀਪ ਸਿੰਘ ਔਲਖ)** ਪੰਜਾਬ ਸਿਵਲ ਮੈਡੀਕਲ ਸਿਵਲ ਸਰਵਿਸਿਜ਼ ਐਸੋਸੀਏਸ਼ਨ ਵੱਲੋਂ ਬੀਤੇ ਸਤੰਬਰ 2024 ਵਿੱਚ ਸਾਰੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿੱਚ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਹੜਤਾਲ ਕੀਤੀ ਗਈ ਸੀ। ਪੀਸੀਐਮਐਸਏ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਗੁਰਜੀਵਨ ਸਿੰਘ ਅਤੇ ਪੀਸੀਐਮਐਸਏ ਦੇ ਜਨਰਲ ਸਕੱਤਰ ਸ਼ੁਭਮ ਬਾਂਸਲ ਨੇ ਦੱਸਿਆ ਕਿ ਕਿ 14 ਸਤੰਬਰ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਪੰਜਾਬ ਭਵਨ ਵਿੱਚ ਬੈਠਕ ਉਪਰੰਤ ਮੀਡੀਆ ਵਿੱਚ ਲੋਕਾਂ ਸਾਹਮਣੇ ਆ ਕੇ ਵਾਅਦਾ ਕੀਤਾ ਸੀ ਕਿ ਇਹ ਮੰਗਾਂ ਮੰਨ ਲਈਆਂ ਗਈਆਂ ਹਨ ਜਿਸ ਵਿੱਚ ਡੀਏਸੀਪੀ (ਡਾਇਨਾਮਿਕ ਐਸਿਓਰਡ ਕੈਰੀਅਰ ਪ੍ਰੋਗਰੈਸ਼ਨਜ) ਦੇ ਮੁੱਦੇ ਅਤੇ ਹਸਪਤਾਲਾਂ ਵਿੱਚ ਸੁਰੱਖਿਆ ਗਾਰਡ ਰੱਖਣ ਸਬੰਧੀ ਮੰਗਾਂ ਨੂੰ ਜਲਦ ਪੂਰਾ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਵਾਅਦੇ ਦੇ ਮੁਤਾਬਿਕ ਹੜਤਾਲ ਖਤਮ ਕਰਕੇ ਲੋਕਾਂ ਨੂੰ ਮੈਡੀਕਲ ਸੇਵਾਵਾਂ ਦੇਣੀਆਂ ਮੁੜ ਸ਼ੁਰੂ ਕਰ ਦਿੱਤੀਆਂ ਗਈਆਂ। ਪਰ ਉਹਨਾਂ ਕਿਹਾ ਕਿ ਸਰਕਾਰ ਵੱਲੋਂ ਦੋਵੇਂ ਮੰਗਾਂ ਨੂੰ ਲੈ ਕੇ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਉਹਨਾਂ ਦੱਸਿਆ ਕਿ ਡੀਏਸੀਪੀ (ਡਾਇਨਾਮਿਕ ਐਸਿਓਰਡ ਕੈਰੀਅਰ ਪ੍ਰੋਗਰੈਸ਼ਨਜ) ਜੋ ਕਿ 1 ਜੁਲਾਈ 2021 ਤੋਂ ਰੁਕੇ ਹੋਏ ਹਨ ਉਸ ਸਬੰਧੀ ਸਰਕਾਰ ਵੱਲੋਂ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਗਈ। ਡਾ. ਗੁਰਜੀਵਨ ਸਿੰਘ ਨੇ ਕਿਹਾ ਕਿ ਸਿਹਤ ਮੰਤਰੀ ਵੱਲੋਂ ਦਿੱਤੀ ਸੁਰੱਖਿਆ ਪ੍ਰਬੰਧਾਂ ਦੇ ਭਰੋਸੇ ਉੱਤੇ ਜਮੀਨੀ ਪੱਧਰ ਤੇ ਕੋਈ ਇੰਤਜ਼ਾਮ ਨਾ ਹੁੰਦੇ ਵੇਖ ਡਾਕਟਰਾਂ ਵਿੱਚ ਭਾਰੀ ਰੋਸ ਹੈ। ਜਿਸ ਦੇ ਕਾਰਨ ਕਈ ਸਪੈਸ਼ਲਿਸਟ ਡਾਕਟਰ ਸਰਕਾਰੀ ਨੌਕਰੀ ਛੱਡ ਕੇ ਜਾ ਰਹੇ ਹਨ । ਇਸ ਦੇ ਮੱਦੇ ਨਜ਼ਰ ਪੰਜਾਬ ਵਿੱਚ ਡਾਕਟਰਾਂ ਦੀ ਸਭ ਤੋਂ ਵੱਡੀ ਜਥੇਬੰਦੀ ਪੰਜਾਬ ਸਿਵਲ ਮੈਡੀਕਲ ਸਰਵਿਸ ਐਸੋਸੀਏਸ਼ਨ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਜੇਕਰ ਉਹਨਾਂ ਦੀਆਂ ਮੰਗਾਂ ਨੂੰ ਜਲਦ ਤੋਂ ਜਲਦ ਲਾਗੂ ਨਾ ਕੀਤਾ ਗਿਆ ਤਾਂ 20 ਜਨਵਰੀ 2025 ਤੋਂ ਮਜਬੂਰਨ ਜਥੇਬੰਦੀ ਵੱਲੋਂ ਦੁਬਾਰਾ ਓ.ਪੀ.ਡੀ ਸੇਵਾਵਾਂ ਬੰਦ ਕਰ ਦਿੱਤੀਆਂ ਜਾਣਗੀਆਂ। ਜਿਸ ਨਾਲ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ।

# ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਚ ਵਿਸ਼ਾਲ ਕਵੀ ਦਰਬਾਰ

## ਪ੍ਰਸਿੱਧ ਲੇਖਕ ਦਰਸ਼ਨ ਸਿੰਘ ਕੰਗ ਦੀ ਧਾਰਮਿਕ ਕਿਤਾਬ "ਸਿੱਖੀ ਦੇ ਮਹਿਲ" ਲੋਕ ਅਰਪਣ







ਕਵੀ ਦਰਬਾਰ ਮੌਕੇ ਕਵੀ ਆਪੋ ਆਪਣੀਆਂ ਧਾਰਮਿਕ ਕਵੀਤਾਵਾਂ ਪੇਸ਼ ਕਰਦੇ ਹੋਏ, ਅਤੇ ਲੇਖਕ ਦਰਸ਼ਨ ਸਿੰਘ ਕੰਗ ਦੀ ਧਾਰਮਿਕ ਕਿਤਾਬ "ਸਿੱਖੀ ਦੇ ਮਹਿਲ" ਰਿਲੀਜ਼ ਕਰਦੇ ਹੋਏ ਕਵੀ ਅਤੇ ਲੇਖਕ।ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਦਸ਼ਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਚ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਵਿਖੇ ਵਿਸ਼ਾਲ ਕਵੀ ਦਰਬਾਰ ਸਜਾਇਆ ਗਿਆ।ਇਸ ਕਵੀ ਦਰਬਾਰ ਚ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਪ੍ਰਸਿੱਧ ਕਵੀਆਂ ਅਤੇ ਲੇਖਕਾਂ ਤਰਲੋਚਨ ਸਿੰਘ ਚੰਨ ਜੰਡਿਆਲਵੀ,,ਦਰਸਨ ਸਿੰਘ ਕੰਗ,ਪਾਲ ਸਿੰਘ, ਬਰਿੰਦਰ ਸਿੰਘ ਬਿੱਟੂ, ਗੁਰਨਾਮ ਸਿੰਘ ਨਵਾਂ ਸ਼ਹਿਰ, ਸਤਵਿੰਦਰ ਸਿੰਘ ਦਿਉਲ, ਮੁਖਤਿਆਰ ਸਿੰਘ, ਬਲਵੰਤ ਸਿੰਘ ਲਿੱਤਰਾਵਾਲੇ, ਗਿਆਨੀ ਮਲੂਕ ਸਿੰਘ, ਰਾਮ ਸਿੰਘ ਫਰਵਾਲਾ,ਕੇਅਰ ਸਿੰਘ, ਕੁਲਵਿੰਦਰ ਕੌਰ, ਸਵਿੰਦਰ ਸਿੰਘ ਸਮੇਤ ਹੋਰ ਬਹੁਤ ਸਾਰੇ ਕਵੀਆਂ ਅਤੇ ਲੇਖਕਾਂ ਨੇ ਨੇ ਭਾਗ ਲਿਆ, ਅਤੇ ਆਪੋ ਆਪਣੀਆਂ ਧਾਰਮਿਕ ਕਵਿਤਾਵਾਂ ਅਤੇ ਗੀਤਾਂ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖ ਧਰਮ ਲਈ ਕੀਤੀਆਂ ਗਈਆਂ ਕੁਰਬਾਨੀਆਂ ਅਤੇ ਸਿੱਖ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਤੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਸਪੋਕਸਪਰਸਨ ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਆਏ ਹੋਏ ਕਵੀਆਂ ਅਤੇ ਲੇਖਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਲੇਖਕਾਂ ਅਤੇ ਕਵੀਆਂ ਨੂੰ ਨਗਦ ਰਾਸ਼ੀ ਅਤੇ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਤੇ ਲੈਸਟਰ ਦੇ ਪ੍ਰਸਿੱਧ ਕਵੀ ਅਤੇ ਲੇਖਕ ਦਰਸ਼ਨ ਸਿੰਘ ਕੰਗ ਦੀ ਧਾਰਮਿਕ ਕਿਤਾਬ "ਸਿੱਖੀ ਦਾ ਮਹਿਲ" ਵੀ ਰਿਲੀਜ਼ ਕੀਤੀ ਗਈ।ਇਸ ਮੌਕੇ ਤੇ ਲੈਸਟਰ ਸਿਟੀ ਕੌਂਸਲ ਦੇ ਕੌਂਸਲਰ ਕੁਲਵਿੰਦਰ ਸਿੰਘ ਜੌਹਲ,ਅਮਰੀਕ ਸਿੰਘ ਗਿੱਲ ਸਮੇਤ ਵੱਡੀ ਗਿਣਤੀ ਚ ਸੰਗਤਾਂ ਹਾਜ਼ਿਰ ਸਨ।

# ਧਾਰਮਿਕ ਮੌਕਿਆਂ ਉੱਤੇ ਕੇਕ ਕੱਟਣੇ ਕਿਹੜੀ ਮਰਿਆਦਾ ਵਿੱਚ ਆਉਂਦੇ ਹਨ

## ਜਿਨਾਂ ਨੇ ਪਹਿਰਾ ਦੇਣਾ ਸੀ ਉਹ ਖੁਦ ਹੀ ਕੇਕ ਕੱਟ ਰਹੇ ਹਨ

**ਬਲਬੀਰ ਸਿੰਘ ਬੱਬੀ**

ਸਿੱਖ ਧਰਮ ਦੀ ਨੀਂਹ ਬਾਬੇ ਨਾਨਕ ਨੇ ਸੱਚ ਖੋਜ ਗੁਰਬਾਣੀ ਤੇ ਸਾਦਗੀ ਨੂੰ ਪ੍ਰਮੁੱਖ ਤੌਰ ਉੱਤੇ ਰੱਖ ਕੇ ਰੱਖੀ, ਜਿੱਥੇ ਬਾਬੇ ਨਾਨਕ ਤੇ ਹੋਰ ਗੁਰੂਆਂ ਭਗਤਾਂ ਸੂਰਬੀਰ ਯੋਧਿਆਂ ਨੇ ਸਾਦਗੀ ਭਰੇ ਜੀਵਨ ਬਿਤਾਏ ਉੱਥੇ ਹੀ ਅਨੇਕਾਂ ਦੁੱਖ ਸੁੱਖ ਵੀ ਆਪਣੇ ਪਿੰਡੇ ਉੱਤੇ ਹੰਡਾਏ। ਬੇਸ਼ੱਕ ਸਮੇਂ ਸਮੇਂ ਉੱਤੇ ਬਾਜ਼ਾਰ ਵਿੱਚ ਅਨੇਕਾਂ ਤਰਾਂ ਦੀਆਂ ਚੀਜ਼ਾਂ ਖਾਣ ਪੀਣ ਲਈ ਬਣ ਗਈਆਂ ਹਨ ਆਮ ਲੋਕ ਤੇ ਸਿੱਖ ਇਹ ਚੀਜ਼ਾਂ ਆਪਣੇ ਘਰਾਂ ਵਿੱਚ ਵੀ ਵਰਤਦੇ ਹਨ ਪਰ ਜਦੋਂ ਖਾਣ ਪੀਣ ਦੀਆਂ ਚੀਜ਼ਾਂ ਧਾਰਮਿਕ ਮਰਿਆਦਾ ਵਿੱਚ ਲਿਆਂਦੀਆਂ ਜਾਣ ਤਾਂ ਉਹਨਾਂ ਉੱਤੇ ਸਵਾਲਤਾਂ ਉੱਠਣੇ ਹੀ ਹਨ ਪਿਛਲੇ ਦੋ ਤਿੰਨ ਕ ਸਾਲ ਤੋਂ ਅਸੀਂ ਇਹ ਦੇਖ ਰਹੇ ਹਾਂ ਕਿ ਜੇਕਰ ਕੋਈ ਵੀ ਗੁਰਪੁਰਬ ਧਾਰਮਿਕ ਸਮਾਗਮ ਜਾਂ ਕੋਈ ਨਗਰ ਕੀਰਤਨ ਹੁੰਦਾ ਹੈ ਤਾਂ ਉਸ ਉੱਪਰ ਕੇਕ ਕੱਟਣ ਦਾ ਰਿਵਾਜ ਨਵਾਂ ਹੀ ਚਲਾ ਦਿੱਤਾ ਗਿਆ ਹੈ। ਚਲੋ ਤੁਸੀਂ ਆਪਣੇ ਬੱਚਿਆਂ ਦੇ ਕੇਕ ਕੱਟੋ ਆਪਣੇ ਵਿਆਹਾਂ ਸ਼ਾਦੀਆਂ ਤੇ ਕੇਕ ਕੱਟੋ। ਇਹ ਕਿਹੜੀ ਗੱਲ ਜਿਸ ਦਿਨ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਹੋਵੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਹੋਵੇ ਕੋਈ ਹੋਰ ਖਾਸ਼ ਧਾਰਮਿਕ ਦਿਨ ਹੋਵੇ ਤੇ ਉਸ ਦਿਨ ਉੱਤੇ ਕੇ ਕੱਟੇ ਜਾਣ ਕੇਕ ਵੀ ਪੰਜ ਪਿਆਰਿਆਂ ਵੱਲੋਂ ਜਦੋਂ ਕੱਟੇ ਜਾਂਦੇ ਹਨ ਤਾਂ ਫਿਰ ਇਹ ਦੇਖ ਕੇ ਬੜਾ ਦੁੱਖ ਹੁੰਦਾ ਹੈ ਕਿ ਜਿਹੜੇ ਲੋਕਾਂ ਨੂੰ ਸਿੱਖੀ ਦੇ ਪਹਿਰੇਦਾਰ ਸਿੱਖੀ ਸੇਵਕ ਬਣਾਇਆ ਹੈ ਜਦੋਂ ਉਹ ਹੀ ਮਰਿਆਦਾ ਦੀਆਂ ਧੱਜੀਆਂ ਉਡਾਉਣ ਤਾਂ ਆਮ ਲੋਕਾਂ ਨੂੰ ਕਿਵੇਂ ਸਮਝਾਇਆ ਜਾ ਸਕਦਾ ਹੈ।

ਜਦੋਂ ਧਾਰਮਿਕ ਮਰਿਆਦਾ ਵਿੱਚ ਆਪਣੇ ਆਪ ਨੂੰ ਪ੍ਰਪੱਕ ਸਮਝਣ ਵਾਲੇ ਕਈ ਬਾਬੇ ਪੰਜ ਪਿਆਰੇ ਜਾਂ ਹੋਰ ਧਾਰਮਿਕ ਸ਼ਖਸ਼ੀਅਤ ਕਿ ਕੱਟੇ ਤਾਂ ਫਿਰ





ਸੂਝਵਾਨ ਲੋਕਾਂ ਨੇ ਸਵਾਲ ਤਾਂ ਕਰਨੇ ਹੀ ਹਨ ਚਾਹੀਦਾ ਤਾਂ ਇਹ ਹੈ ਕਿ ਜੇਕਰ ਕਿਸੇ ਨਗਰ ਕੀਰਤਨ ਜਾਂ ਹੋਰ ਖਾਸ਼ ਮੌਕੇ ਉਤੇ ਕੋਈ ਪਰਿਵਾਰ ਕੇਕ ਲੈ ਕੇ ਆਉਂਦਾ ਹੈ ਤਾਂ ਉਸਨੂੰ ਸਮਝਾਉਣਾ ਚਾਹੀਦਾ ਹੈ ਪਰ ਜਿਨਾਂ ਪੰਜਾਂ ਪਿਆਰਿਆਂ ਨੇ ਸਮਝਾਉਣਾ ਹੈ ਉਹ ਤਾਂ ਖੁਦ ਕਿਰਪਾਨ ਦੇ ਨਾਲ ਭੋਗ ਲਗਾ ਕੇ ਕੱਟਦੇ ਨਜ਼ਰ ਆਉਂਦੇ ਹਨ। ਹੋਰ ਤਾਂ ਹੋਰ ਆਹ ਤਸਵੀਰ ਵਿੱਚ ਦੇਖੋ ਦਮਦਮੀ ਟਕਸਾਲ ਦਾ ਬਾਬਾ ਹਰਨਾਮ ਸਿੰਘ ਧੁੰਮਾ ਜਿਸ ਦੀ ਕਿ ਸਿੱਖ ਧਾਰਮਿਕ ਤੌਰ ਉਤੇ ਸਿੱਖ ਪਰੰਪਰਾ ਅਨੁਸਾਰ ਦਸਤਾਰਬੰਦੀ ਹੋਈ ਜਦੋਂ ਇਸ ਨੇ ਦਮਦਮੀ ਟਕਸਾਲ ਦੀ ਸੇਵਾ ਸਾਂਭੀ ਤੇ ਅੱਜ 20 ਸਾਲ ਦਸਤਾਰਬੰਦੀ ਨੂੰ ਮੁੱਖ ਰੱਖ ਕੇ ਇਹ ਵੀ ਆਪਣੇ ਅੱਗੇ ਕੇਕ ਕੱਟ ਰਿਹਾ ਹੈ ਤੇ ਉਸ ਤੋਂ ਬਾਅਦ ਇਹ ਕੇਕ ਨਾਲ ਆਪਣੀਆਂ ਤਸਵੀਰਾਂ ਵੀ ਵਾਇਰਲ ਕਰ ਰਿਹਾ ਹੈ ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਜਦੋਂ ਇਹੋ ਜਿਹੇ ਟਕਸਾਲੀ ਬਾਬੇ ਕੇਕਾਂ ਉੱਤੇ ਆ ਗਏ ਫਿਰ ਆਮ ਲੋਕਾਂ ਦਾ ਕੀ ਬਣੂ....

# ਇੱਕੀ ਪੋਹ ਦੀ ਸ਼ਾਮ, ਦਸ਼ਮੇਸ਼ ਪਿਤਾ ਦੇ ਨਾਮ ਸਾਹਿਤ ਸਭਾ ਧੂਰੀ












**ਧੂਰੀ (ਰਮੇਸ਼ਵਰ ਸਿੰਘ )** " ਪੰਜਾਬ ਦੇ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਦੇ ਹਰ ਵਾਰਡ ਵਿੱਚ ਇੱਕ ਨਹੀਂ ਕਈ ਕਈ ਗੀਤਕਾਰ ਤੇ ਗਾਇਕ ਮੌਜੂਦ ਹਨ ਪ੍ਰੰਤੂ ਉਨ੍ਹਾਂ ਦੀ ਕਲਾ ਨੂੰ ਸਹੀ ਸੇਧ ਦੇ ਕੇ , ਚਾਲੂ ਕਿਸਮ ਦੇ ਗੀਤਾਂ ਦੀ ਥਾਂ ਸਾਹਿਤਕ , ਸੱਭਿਆਚਾਰਕ ਅਤੇ ਲੋਕ ਪੱਖੀ ਗੀਤ ਤੇ ਹੋਰ ਵਿਧਾਵਾਂ ਦੀਆਂ ਰਚਨਾਵਾਂ ਲਿਖਣ ਦੇ ਰਾਹ ਪਾਉਂਣ ਦੀ ਲੋੜ ਹੈ। ਇਹ ਕੰਮ ਪੰਜਾਬੀ ਸਾਹਿਤ ਸਭਾਵਾਂ ਬਾਖ਼ੂਬੀ ਕਰ ਸਕਦੀਆਂ ਹਨ "। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮਾਸਟਰ ਮੂਲ ਚੰਦ ਸ਼ਰਮਾ ਨੇ ਆਪਣੇ ਮਹੀਨਾਵਾਰ ਸਾਹਿਤਕ ਸਮਾਗਮ ਸਮੇਂ ਉੱਭਰਦੇ ਗੀਤਕਾਰ ਤੇ ਗਾਇਕ ਸੁਖਪਾਲ ਸਿੰਘ ਦੋਹਲਾ ਦਾ ਨਵਾਂ ਗੀਤ ਲੋਕ ਅਰਪਣ ਕਰਦਿਆਂ ਕੀਤਾ ।

ਇਸ ਤੋਂ ਪਹਿਲਾਂ ਸ਼ੁਰੂਆਤੀ ਦੌਰ ਵਿੱਚ ਸਭਾ ਦੇ ਨੌਜਵਾਨ ਮੈਂਬਰ ਅਤੇ ਗਾਇਕ ਗੁਰਦਰਸ਼ਨ ਸਿੰਘ ਧੂਰੀ ਸਮੇਤ ਬੀਤੇ ਮਹੀਨੇ ਵਿੱਚ ਸਦੀਵੀ ਵਿਛੋੜਾ ਦੇ ਗਏ ਲੇਖਕਾਂ , ਕਲਾਕਾਰਾਂ , ਪ੍ਰਮੁੱਖ ਹਸਤੀਆਂ ਅਤੇ ਲੇਖਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ । ਇੱਕ ਵੱਖਰੇ ਮਤੇ ਰਾਹੀਂ ਕਿਸਾਨ ਆਗੂ ਅਤੇ ਕੰਪਿਊਟਰ ਟੀਚਰਜ਼ ਦੇ ਮਰਨ ਵਰਤ ਦਾ ਸਮਰਥਨ ਕਰਦਿਆਂ ਦੋਵੇਂ ਸਰਕਾਰਾਂ ਨੂੰ ਕੋਈ ਢੁਕਵਾਂ ਹੱਲ ਕਰਨ ਦੀ ਅਪੀਲ ਕਰਦਿਆਂ ਕੇਂਦਰ ਦੇ ਡਾਕ ਮਹਿਕਮੇ ਵੱਲੋਂ ਅਖ਼ਬਾਰ , ਰਸਾਲੇ ਅਤੇ ਕਿਤਾਬਾਂ ਭੇਜਣ ਸਮੇਂ ਦਿੱਤੀ ਜਾਂਦੀ ਟਿਕਟ ਸਬਸਿਡੀ ਬੰਦ ਕਰਨ ਦੀ ਨਿਖੇਧੀ ਕੀਤੀ ਤੇ ਦੁਬਾਰਾ ਬਹਾਲ ਕਰਨ ਦੀ ਮੰਗ ਵੀ ਕੀਤੀ ਗਈ ।

ਦੂਸਰੇ ਦੌਰ ਵਿੱਚ ਹਰ ਵਾਰੀ ਦੀ ਤਰ੍ਹਾਂ ਜਨਵਰੀ ਮਹੀਨੇ ਵਿੱਚ ਜਨਮੇਂ ਮੈਂਬਰਾਂ ਪ੍ਰਿੰਸੀਪਲ ਸੁਖਜੀਤ ਕੌਰ ਸੋਹੀ ਅਤੇ ਕੁਲਵਿੰਦਰ ਕੌਰ ਕਾਜਲ ਦਾ ਜਨਮ ਦਿਨ ਮਨਾਇਆ ਗਿਆ । ਸਮਸ਼ੇਰ ਸਿੰਘ ਸ਼ੇਰਾ , ਹਰਬੰਸ ਸਿੰਘ ਬੇਨੜਾ , ਸੁਖਪਾਲ ਸਿੰਘ ਦੋਹਲਾ ਅਤੇ ਅਜਾਇਬ ਸਿੰਘ ਕੋਮਲ ਨੂੰ ਵੀ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਵਾਰੀ ਦਾ ਸਭ ਤੋਂ ਵੱਧ ਹਾਜ਼ਰੀਆਂ ਦਾ ਐਵਾਰਡ ਬਲਜੀਤ ਸਿੰਘ ਬਾਂਸਲ ਦੇ ਹਿੱਸੇ ਆਇਆ ਜਿਹੜਾ ਉਨ੍ਹਾਂ ਨੇ ਆਪਣੀ ਜੀਵਨ ਸਾਥਣ ਜਸਪ੍ਰੀਤ ਕੌਰ ਬਾਂਸਲ ਸਮੇਤ ਪ੍ਰਾਪਤ ਕੀਤਾ ।

ਸਮਾਗਮ ਦੇ ਅਖ਼ੀਰ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਹੋਏ ਕਵਿਤਾ ਅਤੇ ਵਾਰਤਕ ਦਰਬਾਰ ਵਿੱਚ ਪ੍ਰਿੰਸੀਪਲ ਸੁਖਜੀਤ ਕੌਰ ਸੋਹੀ , ਪ੍ਰਿੰਸੀਪਲ ਕਮਲਜੀਤ ਸਿੰਘ ਟਿੱਬਾ ਅਤੇ ਮੂਲ ਚੰਦ ਸ਼ਰਮਾ ਵੱਲੋਂ ਗੁਰੂ ਜੀ ਦੇ ਜੀਵਨ , ਸਿੱਖਿਆਵਾਂ ਅਤੇ ਸਮੁੱਚੇ ਸਰਬੰਸ ਦੀ ਕੁਰਬਾਨੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕਰਨ ਤੋਂ ਇਲਾਵਾ ਬੱਲੀ ਬਲਜਿੰਦਰ ਈਲਵਾਲ , ਅਕਾਸ਼ ਪ੍ਰੀਤ ਬਾਜਵਾ , ਪਵਨ ਕੁਮਾਰ ਹੋਸ਼ੀ , ਸਰਬਜੀਤ ਸੰਗਰੂਰਵੀ , ਮਨਜੀਤ ਕੌਰ ਨੰਗਲ , ਜਸਪ੍ਰੀਤ ਕੌਰ , ਅਜਾਇਬ ਸਿੰਘ ਕੋਮਲ , ਗੁਰਮੀਤ ਸੋਹੀ , ਪ੍ਰੋ. ਸੁਖਵਿੰਦਰ ਸਿੰਘ ਹਥੋਆ , ਸ਼ਮਸ਼ੇਰ ਸਿੰਘ ਸ਼ੇਰਾ , ਭੰਗੂ ਫਲੇੜੇ ਵਾਲ਼ਾ , ਪੇਂਟਰ ਸੁਖਦੇਵ ਸਿੰਘ , ਰਾਮ ਸ਼ਰਮਾ ਲੁਬਾਣਾ , ਬਲਜੀਤ ਸਿੰਘ ਬਾਂਸਲ , ਸੁਖਜੀਤ ਕੌਰ ਸੋਹੀ , ਸੁਖਪਾਲ ਦੋਹਲਾ , ਅਮਰ ਗਰਗ ਕਲਮਦਾਨ , ਸੁਖਵਿੰਦਰ ਲੋਟੇ , ਹਰਬੰਸ ਬੇਨੜਾ , ਕੁਲਜੀਤ ਧਵਨ , ਕਾ. ਸੁਖਦੇਵ ਸ਼ਰਮਾ , ਕਰਨਜੀਤ ਸਿੰਘ ਸੋਹੀ , ਕੁਲਵਿੰਦਰ ਕੌਰ ਕਾਜਲ , ਮਨਦੀਪ ਸਿੰਘ , ਪ੍ਰਿੰਸੀਪਲ ਕਮਲਜੀਤ ਟਿੱਬਾ , ਚਰਨਜੀਤ ਸਿੰਘ ਮੀਮਸਾ , ਜਗਦੇਵ ਸ਼ਰਮਾ ਬੁਗਰਾ ਅਤੇ ਲੋਕ ਗਾਇਕ ਗੁਰਦਿਆਲ ਨਿਰਮਾਣ ਧੂਰੀ ਨੇ ਆਪੋ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਰਚਨਾਵਾਂ ਨਾਲ਼ ਦਸਮੇਸ਼ ਪਿਤਾ ਦੀ ਉਸਤਤਿ ਕਰਦਿਆਂ ਖ਼ੂਬ ਰੰਗ ਬੰਨ੍ਹਿਆਂ ।

# ਰਾਜੂ ਬ੍ਰਦਰਜ ਵੈਲਫੇਅਰ ਸੁਸਾਇਟੀ ਯੂ.ਕੇ ਪੰਜਾਬ ਵਲੋਂ ਹਰਜੋਤ ਰਾਏ ਨੂੰ ਕੀਤਾ ਵਿਸ਼ੇਸ਼ ਸਨਮਾਨ



**ਗੜ੍ਹਸ਼ੰਕਰ (ਬਲਵੀਰ ਚੌਪੜਾ )** ਬੀਤੇ ਦਿਨੀ ਨੇਸਕੋ ਮੁੰਬਈ ਦੇ ਵਿਚ ਉਲੰਪਿਆਂ ਹੈਵੀ ਵੇਟ ਲਿਫਟਿੰਗ ਵਿਚ ਗੜ੍ਹਸ਼ੰਕਰ ਨਜਦੀਕ ਪੈਂਦੇ ਪਿੰਡ ਪਾਰੋਵਾਲ ਦੇ ਹਰਜੋਤ ਰਾਏ ਨੇ ਦੂਜਾ ਅਸਥਾਨ ਪ੍ਰਾਪਤ ਕੀਤਾ ਜਿਸ ਸਬੰਧੀ ਰਾਜੂ ਬ੍ਰਦਰਜ ਵੈਲਫੇਅਰ ਸੁਸਾਇਟੀ ਯੂਕੇ ਪੰਜਾਬ ਦੇ ਪਰਿਵਾਰ ਅਤੇ ਅਮਰਪ੍ਰੀਤ ਸਿੰਘ ਲਾਲੀ ਹਲਕਾ ਇੰਚਾਰਜ ਕਾਂਗਰਸ ਨੇ ਹਰਜੋਤ ਰਾਏ ਨੂੰ ਸਨਮਾਨਿਤ ਕਰਕੇ ਪਰਿਵਾਰ ਨੂੰ ਵਧਾਈ ਦਿੱਤੀ ਙ ਇਸ ਮੌਕੇ ਹੈਪੀ ਸਾਧੋਵਾਲ ਅਤੇ ਡਾਕਟਰ ਲੱਖਵਿੰਦਰ ਸਿੰਘ ਲੱਕੀ ਬਿਲੜੋ ਨੇ ਕਿਹਾ ਕਿ ਸਾਡੇ ਇਕੱਲੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਾਡੇ ਇਕੱਲੇ ਦੇ ਹੋਣਹ-ਾਰ ਨੌਜਵਾਨ ਨੇ ਹੈਵੀ ਵੇਟ ਲਿਫਟਿੰਗ ਵਿਚ ਸਿਲਵਰ ਮੈਡਲ ਹਾਸਿਲ ਕੀਤਾ ਹੈ ਜਿਹੜਾ ਕਿ ਨੌਜਵਾਨ ਪੀੜੀ ਲਈ ਇਕ ਵੱਡੀ ਮਿਸਾਲ ਵਾਲੀ ਗੱਲ ਹੈ ਉਨ੍ਹਾਂ ਕਿਹਾ ਕਿ ਹਰਜੋਤ ਰਾਏ ਹੁਣ ਦੇਸ਼ ਦੇ ਨਾਲ ਨਾਲ ਵਿਦੇਸ਼ ਵਿੱਚ ਵੀ ਇਕਾਲੇ ਦਾ ਦੇਸ਼ ਵਿਚ ਨਾਮ ਰੋਸ਼ਨ ਕਰਨ ਵਿਚ ਕੋਈ ਕਸਰ ਨਹੀਂ ਛੱਡੇਗਾਙ ਇਸ ਮੌਕੇ ਉਨ੍ਹਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਨੌਜਵਾਨਾਂ ਨੂੰ ਸਰਕਾਰੀ ਕੋਟੇ ਵਿੱਚੋ ਰੋਜ਼ਗਾਰ ਮੁਹਈਆਂ ਕਰਵਾਏ ਙਇਸ ਮੌਕੇ ਹੈਪੀ ਸਾਧੋਵਾਲ, ਜੀਤ ਪੁਰਖੋਵਾਲ, ਜਗਤਾਰ ਸਾਧੋਵਾਲ, ਮੇਜਰ ਸਿੰਘ ਬਲੋਕ ਸੰਮਤੀ ਮੈਂਬਰ ਹਾਜੀਪੁਰ, ਫੌਜੀ ਪੁਰਖੋਵਾਲ, ਹਰਜਿੰਦਰ ਸਰਪੰਚ ਐਮਾਂ ਮੁਗਲਾਂ, ਦੀਪਾ ਪਾਰੋਵਾਲ, ਸਰਵਣ ਪੰਚਾਇਤ ਮੈਂਬਰ ਪਾਰੋਵਾਲ ਪ੍ਰੀਤ ਪਾਰੋਵਾਲ, ਜ਼ੋਰਾਵਰ ਸਿੰਘ ਅਤੇ ਨਗਰ ਨਿਵਾਸੀ ਸ਼ਾਮਿਲ ਸਨ ।

# ਸ਼ਹੀਦ ਕਿਸਾਨ ਔਰਤਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਰਧਾਂਜਲੀ

## ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰਨ ਲਈ ਮਤੇ ਕੀਤੇ ਪਾਸ

**ਫਿਲੌਰ/ਅੱਪਰਾ (ਦੀਪਾ)**-ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਨੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਿਸ਼ੇਸ਼ ਮਤਾ ਪ੍ਰੈੱਸ ਦੇ ਨਾਂਅ ਜਾਰੀ ਕਰਦਿਆਂ ਕਿਹਾ ਹੈ ਕਿ ਲੋਕਾਂ ਦੇ ਘਰਾਂ 'ਚ ਸੱਥਰ ਵਿਛਾਉਣ ਦੀ ਮੁਜ਼ਰਿਮ ਮੋਦੀ ਹਕੂਮਤ ਖ਼ਿਲਾਫ਼ ਰੋਹਲੀ ਆਵਾਜ਼ ਬੁਲੰਦ ਕਰੋ ਜਿਸਦੀ ਕਿਸਾਨਾਂ ਨੂੰ ਖੱਜਲ ਖੁਆਰ ਕਰਨ ਅਤੇ ਜਾਨ ਹੂਲਵੇਂ ਘੋਲਾਂ ਸਦਕਾ ਰੱਦ ਕਰਵਾਏ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨਾਂ ਨੂੰ ਮੁੜ ਤਾਜ਼ਾ ਚਾਸ਼ਣੀ ਵਿੱਚੋਂ ਕੱਢ ਕੇ ਲਾਗੂ ਕਰਨ ਖ਼ਿਲਾਫ਼ ਟੋਹਾਣਾ ਮਹਾਂ ਕਿਸਾਨ ਰੈਲੀ ਵਿੱਚ ਸ਼ਾਮਿਲ ਹੋਣ ਲਈ ਜਾ ਰਹੀਆਂ ਔਰਤਾਂ ਅਤੇ ਮਰਦ ਸੜਕ ਹਾਦਸੇ ਵਿੱਚ ਸ਼ਹੀਦੀ ਜਾਮ ਪੀ ਗਏ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਭਾਰਤੀ



ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀਆਂ ਇੱਕੋ ਪਿੰਡ ਕੋਠਾ ਗੁਰੂ (ਬਠਿੰਡਾ) ਦੀਆਂ ਸ਼ਹੀਦ ਤਿੰਨੇ ਔਰਤਾਂ ਨੂੰ ਸੂਹੀ ਸਲਾਮ ਭੇਟ ਕੀਤੀ। ਦਰਜਣਾਂ ਫੱਟੜਾਂ ਦੇ ਜਲਦੀ ਸਿਹਤਯਾਬੀ ਲਈ ਸ਼ੁੱਭ ਕਾਮਨਾਵਾਂ ਕੀਤੀਆਂ। ਜ਼ਿਕਰਯੋਗ ਹੈ ਕਿ ਗੰਭੀਰ ਫੱਟੜ ਏਮਜ਼ ਹਸਪਤਾਲ ਬਠਿੰਡਾ ਵਿਖੇ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਇਹਨਾਂ ਦਰਜਣਾਂ ਗੰਭੀਰ ਫੱਟੜਾਂ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਾ ਸੂਬਾਈ ਆਗੂ, ਬੇਹੱਦ ਸੁਹਿਰਦ ਮਿਹਨਤੀ ਅਤੇ ਸੰਗਰਾਮੀ ਸਾਥੀ ਬਸੰਤ ਸਿੰਘ ਕੋਠੇ ਗੁਰੂ ਵੀ ਸ਼ਾਮਲ ਹੈ ਜਿਸਦੀ ਰੀੜ੍ਹ ਦੀ ਹੱਡੀ ਤੇ ਗੰਭੀਰ ਸੱਟਾਂ ਲੱਗਣ ਕਾਰਨ ਉਸਦਾ ਸਾਰਾ ਸਰੀਰ ਬੇਹਰਕਤ ਹੋ ਗਿਆ ਹੈ। ਇੱਕ ਸੰਘਰਸ਼ੀਲ ਕਿਸਾਨ ਨੌਜਵਾਨ ਦੀ ਬਾਂਹ ਕੱਟਣੀ ਪਵੇਗੀ।



ਅਨੇਕਾਂ ਦੇ ਚੂਲੇ ਟੁੱਟਣ ਅਤੇ ਉਂਗਲਾਂ ਕੱਟੀਆਂ ਗਈਆਂ ਹਨ। ਪਿੰਡ ਕੋਠਾਗੁਰੂ ਜ਼ਿਲ੍ਹਾ ਬਠਿੰਡਾ ਤੋਂ ਟੋਹਾਣਾ (ਹਰਿਆਣਾ) ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੱਖੀ ਮਹਾਂ ਕਿਸਾਨ ਰੈਲੀ ਵਿੱਚ ਸ਼ਾਮਿਲ ਹੋਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਬੱਸ ਬਰਨਾਲਾ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਇਸ ਬੱਸ ਵਿਚ ਇੱਕੋ ਪਿੰਡ ਦੇ 54 ਮਰਦ ਔਰਤਾਂ ਰੈਲੀ ਵਿੱਚ ਸ਼ਾਮਿਲ ਹੋਣ ਲਈ ਜਾ ਰਹੇ ਸਨ।

* ਤਿੰਨ ਕਿਸਾਨ ਕਾਰਕੁਨਾਂ ਜਸਵੀਰ ਕੌਰ ਪਤਨੀ ਜੀਤ ਸਿੰਘ
ਸਰਬਜੀਤ ਕੌਰ ਪਤਨੀ ਸੁੱਖਾ ਨੰਬਰਦਾਰ
ਬਲਵੀਰ ਕੌਰ ਪਤਨੀ ਬੰਤ ਸਿੰਘ ਦੀ ਮੌਤ ਹੋ ਗਈ ਹੈ।

ਇੱਕ ਭਾਕਿਯੂ ਏਕਤਾ ਸਿੱਧੂਪੁਰ ਦੀ ਡੱਲੇਵਾਲ ਤੋਂ ਖਨੌਰੀ ਜਾ ਰਹੀ ਬੱਸ ਵੀ ਬਰਨਾਲਾ ਜੇਲ੍ਹ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ ਹੈ। ਇਸ ਵਿੱਚ ਕਈ ਕਿਸਾਨ ਫੱਟੜ ਹੋਏ ਹਨ। 30 ਤੋਂ ਵੱਧ ਫੱਟੜਾਂ ਦਾ ਸਿਵਲ ਹਸਪਤਾਲ ਬਰਨਾਲਾ ਅਤੇ ਏਮਜ਼ ਹਸਪਤਾਲ ਬਠਿੰਡਾ ਵਿਖੇ ਇਲਾਜ ਚੱਲ ਰਿਹਾ ਹੈ। ਤਿੰਨੇ ਮ੍ਰਿਤਕ ਦੇਹਾਂ ਬਰਨਾਲਾ ਵਿਖੇ ਮ੍ਰਿਤਕ ਦੇਹ ਸੰਭਾਲ ਕੇਂਦਰ ਵਿਚ ਰੱਖੀਆਂ ਗਈਆਂ ਹਨ ।ਦੇਸ਼ ਭਗਤ ਯਾਦਗਾਰ ਕਮੇਟੀ ਨੇ ਜ਼ੋਰਦਾਰ ਮੰਗ



ਕੀਤੀ ਹੈ ਸਰਕਾਰ ਅਤੇ ਪ੍ਰਸ਼ਾਸਨ ਤੁਰੰਤ ਸਰਗਰਮ ਦਖ਼ਲ ਦੇ ਕੇ ਕਿਸਾਨ ਯੂਨੀਅਨ ਵੱਲੋਂ ਰੱਖੀਆਂ ਮੁਆਵਜ਼ਾ, ਨੌਕਰੀ ਅਤੇ ਇਲਾਜ ਦੀਆਂ ਮੰਗਾਂ ਪ੍ਰਵਾਨ ਕਰੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਹ ਮੰਗ ਵੀ ਕੀਤੀ ਹੈ ਕਿ ਕਿਸਾਨਾਂ ਨਾਲ਼ ਵਾਅਦਾ ਖ਼ਿਲਾਫ਼ੀ ਕਰਨ ਦੀ ਬਜਾਏ ਮੋਦੀ ਹਕੂਮਤ ਤੁਰੰਤ ਲਟਕਦੀਆਂ ਮੰਗਾਂ ਪ੍ਰਵਾਨ ਕਰੇ। ਸੂਬਿਆਂ ਨੂੰ ਭੇਜਿਆ ।ਤਾਜ਼ਾ ਖੇਤੀ ਡ੍ਰਾਫਟ ਤੁਰੰਤ ਰੱਦੀ ਦੀ ਟੋਕਰੀ ਵਿੱਚ ਸੁੱਟਿਆ ਜਾਏ ਨਹੀਂ ਤਾਂ ਪੰਜਾਬ ਸਮੇਤ ਪੂਰੇ ਮੁਲਕ ਅੰਦਰ ਕਿਸਾਨ ਅਤੇ ਲੋਕ ਆਵਾਜ਼ ਲੋਕ ਸੰਗਰਾਮ ਹੋਣਾ ਕੋਈ ਨਹੀਂ ਰੋਕ ਸਕੇਗਾ।ਦੇਸ਼ ਭਗਤ ਯਾਦਗਾਰ ਕਮੇਟੀ ਨੇ ਮ੍ਰਿਤਕਾਂ ਅਤੇ ਫੱਟੜਾਂ ਦੇ ਪਰਿਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ਼ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਲੇਖਿਕਾ ਕੁਲਵੰਤ ਕੌਰ ਨਗਰ ਦਾ ਨਾਟ ਸੰਗ੍ਰਹਿ 'ਪਹਿਲੀ ਅਧਿਆਪਕਾ ਤੇ ਹੋਰ ਨਾਟਕ' ਲੋਕ ਅਰਪਣ

**ਫਿਲੌਰ/ਅੱਪਰਾ (ਦੀਪਾ)**- ਲੇਖਿਕਾ ਕੁਲਵੰਤ ਕੌਰ ਨਗਰ ਦੇ ਦੂਜੇ ਨਾਟ ਸੰਗ੍ਰਹਿ, 'ਪਹਿਲੀ ਅਧਿਆਪਕਾ ਤੇ ਹੋਰ ਨਾਟਕ' ਦਾ ਲੋਕ ਅਰਪਣ ਮੁਠੱਡਾ ਕਲਾਂ (ਜਲੰਧਰ) ਵਿਖੇ ਨਿਵੇਕਲੇ ਅੰਦਾਜ਼ ਵਿਚ ਹੋਇਆ।ਇਸ ਸ਼ਾਨਾਮੱਤੇ ਸਮਾਗਮ ਬਾਰੇ ਕੁਲਵੰਤ ਕੌਰ ਨਗਰ ਨੇ ਬੋਲਦਿਆਂ ਕਿਹਾ ਕਿ ਵੇਖਣ ਵਿਚ ਆਇਆ ਹੈ ਕਿ ਲੇਖਕਾਂ ਦਾ ਸੁਪਨਾ ਹੁੰਦਾ ਹੈ ਕਿ ਉਹਨਾਂ ਦੀ ਕਿਤਾਬ ਦੇ ਰਿਲੀਜ਼ ਸਮਾਰੋਹ ਵੇਲੇ ਨਾਮਵਰ ਲੇਖਕਾਂ ਨੂੰ ਇਕੱਠਾ ਕੀਤਾ ਜਾਵੇ। ਤਰੀਫਾਂ, ਜਸ਼ਨ ਅਤੇ ਮਿੱਠੀ ਸਲੂਣੀ ਪਾਰਟੀ ਦਾ ਦੌਰ ਚਲਦਾ ਹੈ। ਕਿਤਾਬ ਨੂੰ ਵਿਆਹ ਦੇ ਸ਼ੱਕਰ ਪਾਰਿਆਂ ਵਾਂਗ ਵੰਡ ਦਿੱਤਾ ਜਾਂਦਾ ਹੈ। ਕੁਝ ਕਿਤਾਬਾਂ ਕਿਤਾਬ ਵਿਕਰੇਤਾਵਾਂ ਨੂੰ ਵੀ ਦੇ ਦਿੱਤੀਆਂ ਜਾਂਦੀਆਂ ਨੇ। ਅੱਗੋ ਕਿਤਾਬ ਵਿਕਰੇਤਾ ਕੀ ਕਰਦੇ ਨੇ ਇਹ "ਅੱਲ੍ਹਾ" ਜਾਣੇ।ਕਵਿਤਾਵਾਂ, ਗ਼ਜ਼ਲਾਂ, ਗੀਤ, ਕਹਾਣੀਆਂ, ਜੀਵਨੀਆਂ, ਸਵੈ- ਜੀਵਨੀਆਂ ਤੇ ਨਾਵਲ ਆਮ ਕਰਕੇ ਪਾਠਕ ਲੈ ਜਾਂਦੇ ਨੇ। ਨਾਟ-ਸੰਗ੍ਰਹਿ ਦੀ ਗੱਲ ਕਰੀਏ ਤਾਂ ਇਸ ਨੂੰ ਜ਼ਿਆਦਾਤਰ ਰੰਗ-ਮੰਚ ਨਾਲ ਜੁੜੇ ਲੋਕ ਹੀ ਖ਼ਰੀਦਦੇ ਨੇ। ਕਿਤਾਬ ਵਿਚ ਜਿਨ੍ਹਾਂ ਦੀ ਗੱਲ ਹੁੰਦੀ ਹੈ ਜਿਨਾਂ ਤੱਕ ਪਹੁੰਚਣੀ ਚਾਹੀਦੀ ਹੈ ਉਹਨਾਂ ਤੱਕ ਨਹੀਂ ਪੁੱਜਦੀ। ਮੁਠੱਡਾ ਕਲਾਂ ਵਿਖੇ ਨਾਟ-ਸੰਗ੍ਰਹਿ ਲੋਕ ਅਰਪਣ ਸਮਾਰੋਹ ਸੱਚ ਮੁੱਚ ਲੋਕਾਂ ਦੁਆਰਾ ਲੋਕਾਂ ਲਈ ਹੋਇਆ।

ਕੁਲਵੰਤ ਕੌਰ ਨਗਰ ਦਾ ਇਹ ਨਾਟ ਸੰਗ੍ਰਹਿ ਚਿੰਤਨ ਪ੍ਰਕਾਸ਼ਨ ਲੁਧਿਆਣਾ ਨੇ ਛਾਪਿਆ ਹੈ। ਇਸ ਦੀ ਵਿਲੱਖਣ ਘੁੰਡ ਚੁਕਾਈ ਦੀ ਖ਼ੂਬ ਚਰਚਾ ਹੈ। ਇਹ ਕਿਤਾਬ ਲੋਕਾਂ ਨੇ ਲੋਕਾਂ ਨੂੰ ਸਮਰਪਿਤ ਕੀਤੀ ਹੈ। ਇਸਦੇ ਮੁੱਖ ਮਹਿਮਾਨ ਕਿਰਤੀ ਸਨ। ਇਹ ਕਿਤਾਬ ਬੇਜ਼ਮੀਨੇ ਮਜ਼ਦੂਰਾਂ ਅਤੇ ਪਿੰਡ ਮੁਠੱਡਾ ਕਲਾ ਦੇ ਪੰਚਾਇਤੀ ਜ਼ਮੀਨੀ ਘੋਲ ਨੂੰ ਸਮਰਪਿਤ ਕੀਤੀ ਗਈ ਹੈ। ਪਿੰਡ ਮੁਠੱਡਾ ਕਲਾ ਦਾ ਪੰਚਾਇਤੀ ਜ਼ਮੀਨੀ ਘੋਲ ਲੰਬਾ ਸਮਾਂ ਚੱਲਦਾ ਰਿਹਾ ਹੈ। ਪਿੰਡ ਮੁਠੱਡਾ ਕਲਾਂ ਦੇ ਮਜ਼ਦੂਰਾਂ ਦਾ ਕਿਸਾਨੀ ਅੰਦੋਲਨ ਦੌਰਾਨ ਵੀ ਵੱਡਾ ਯੋਗਦਾਨ ਰਿਹਾ ਹੈ। ਉਹ ਵੱਡੇ ਪੱਧਰ ਤੇ ਰੈਲੀਆਂ ਕਰਦੇ ਅਤੇ ਜਾਗੋ ਕੱਢਦੇ ਰਹੇ। ਮੁਠੱਡਾ ਕਲਾਂ ਵਿਖੇ ਵਿਸ਼ਾਲ ਮਜ਼ਦੂਰ ਕਿਸਾਨ ਰੈਲੀ ਵੀ ਹੋਈ। ਇਸ





ਪਿੰਡ ਦੇ ਸੰਘਰਸ਼ੀ ਮਜ਼ਦੂਰਾਂ ਤੇ ਕਿਸਾਨਾਂ ਨੇ ਇਸ ਕਿਤਾਬ ਨੂੰ ਜੀ ਆਇਆਂ ਆਖਿਆ ਹੈ। ਆਮ ਲੋਕਾਂ ਨੇ ਇਕੱਠੇ ਹੋ ਕੇ ਇਸ ਕਿਤਾਬ ਨੂੰ ਆਪਣੇ ਹੱਥੀਂ ਲੋਕ ਅਰਪਣ ਕੀਤਾ ਹੈ। ਕਿਤਾਬ ਦਾ ਸਾਰਾ ਐਡੀਸ਼ਨ ਹੀ ਲੋਕਾਂ ਆਪੋ ਵਿਚ ਰਾਏ ਕਰਕੇ ਲੈ ਲਿਆ ਹੈ। ਕਿਰਤੀ ਲੋਕ ਆਪਣੇ ਆਪ ਨੂੰ ਇਸਦੇ ਨਾਟਕਾਂ ਦੇ ਪਾਤਰ ਮਹਿਸੂਸ ਕਰਦੇ ਹਨ । ਉਹ ਇਸ ਨੂੰ ਆਪੋ ਆਪਣੇ ਘਰ ਹੀ ਨਹੀਂ ਰੱਖਣਗੇ ਸਗੋਂ ਆਪਣੇ ਰਿਸ਼ਤੇਦਾਰਾਂ ਨੂੰ ਵੀ ਪੜ੍ਹਾਉਣਗੇ ਤੇ ਦੱਸਣਗੇ ਕਿ ਆਪਣੇ ਹੱਕਾਂ ਲਈ ਸੰਘਰਸ਼ ਕਿਵੇਂ ਕਰਨਾ ਹੈ। ਦਰਸ਼ਨ ਖਟਕੜ ਜੀ ਦਾ ਲਿਖਿਆ ਮੁੱਖਬੰਦ ਪਿੰਡ ਵਾਸੀਆਂ ਨੂੰ ਪੜ੍ਹ ਕੇ ਸੁਣਾਇਆ ਗਿਆ। ਲੋਕਾਂ ਨੇ ਸਾਹ ਰੋਕ ਕੇ ਸੁਣਿਆਂ।ਪਿੰਡ ਦੀ ਸਰਪੰਚ ਮਨਜੀਤ ਕੌਰ ਨੇ ਦੱਸਿਆ ਹੈ ਕਿ ਜਿਹੜੀਆਂ ਔਰਤਾਂ ਕਿਤਾਬ ਦੇ ਰਿਲੀਜ਼ ਸਮਾਰੋਹ ਵਿੱਚ ਨਹੀਂ ਪਹੁੰਚ ਸਕੀਆਂ ਉਹ ਨਰਾਜ਼ ਹੋ ਰਹੀਆਂ ਹਨ ਕਿ ਉਹਨਾਂ ਨੂੰ ਦੱਸਿਆ ਕਿਉਂ ਨਹੀਂ? ਸ਼ਾਇਦ ਇਹ ਨਿਵੇਕਲੀ ਉਦਾਹਰਣ ਹੈ ਕਿ ਨਾਟਕਾਂ ਦੀ ਕਿਤਾਬ ਇਸ ਅੰਦਾਜ਼ ਵਿਚ ਲੋਕਾਂ ਦੇ ਹੱਥਾਂ ਤੱਕ ਪਹੁੰਚਣ ਦੀ ਬਜਾਏ ਲੋਕਾਂ ਦੇ ਹੱਥ ਕਿਤਾਬ ਤੱਕ ਪੁੱਜੇ ਹਨ। ਜਿਨ੍ਹਾਂ ਲਈ ਇਹ ਲਿਖੀ ਗਈ ਹੈ। ਉਹਨਾਂ ਕਿਰਤੀ ਹੱਥਾਂ ਨੇ ਕਿਰਤੀਆਂ ਨੂੰ ਇਹ ਕਿਤਾਬ ਅਰਪਣ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਸਾਰੇ ਪਿੰਡ ਵਾਸੀ ਕੈਮਰੇ ਵਿੱਚ ਨਹੀਂ ਆ ਰਹੇ ਸੀ ਇਸ ਕਰਕੇ ਕਈ ਗਰੁੱਪ ਫੋਟੋਆਂ ਖਿੱਚਣੀਆਂ ਪਈਆਂ। ਪਿੰਡ ਦੇ ਵਿਦੇਸ਼ਾਂ ਚ ਬੈਠੇ ਨੌਜਵਾਨ ਵੀ ਕਿਤਾਬ ਦੀ ਪੀਡੀਐਫ ਮੰਗ ਰਹੇ ਹਨ , ਵਧਾਈਆਂ ਦੇ ਰਹੇ ਹਨ ਅਤੇ ਨਾਟਕ ਵਿੱਚ ਆਪਣਾ ਰੋਲ ਖੋਜ ਰਹੇ ਹਨ। ਜਦੋਂ ਲੋਕਾਂ ਨੂੰ ਲੱਗਦਾ ਹੈ ਕਿ ਕਿਤਾਬਾਂ 'ਚ ਉਹਨਾਂ ਦੀ ਆਪਣੀ ਗੱਲ ਹੈ ਤਾਂ ਉਹ ਕਿਤਾਬਾਂ ਨੂੰ ਜ਼ਰੂਰ ਪੜ੍ਹਦੇ ਹਨ। ਕੁਲਵੰਤ ਕੌਰ ਦਾ ਕਹਿਣਾ ਹੈ ਕਿ ਮੇਰੀ ਜ਼ਿੰਦਗੀ ਦੀ ਇਹ ਅਨਮੋਲ ਯਾਦ ਹੈ। ਮੇਰੇ ਲਈ ਇਹ ਸਮਾਗਮ ਅਮੁੱਲਾ ਨਜ਼ਰਾਨਾ ਅਤੇ ਵਡਮੁੱਲਾ ਸਨਮਾਨ ਹੈ। ਕੁਲਵੰਤ ਨੇ ਲੋਕ ਅਰਪਣ ਸਮਾਰੋਹ ਉਪਰੰਤ ਆਪਣੇ ਸੰਬੋਧਨ ਵਿਚ ਕਿਹਾ, 'ਸੱਚ ਹੈ ਕਿ ਕਿਰਤ ਕਰਨ ਵਾਲੇ ਲੋਕ ਜਦੋਂ ਜਾਗਦੇ ਨੇ ਤਾਂ ਸਾਰਾ ਜਗ ਚਾਨਣ-ਚਾਨਣ ਹੋ ਜਾਂਦਾ ਹੈ ਙ' ਜ਼ਿਕਰਯੋਗ ਹੈ ਕਿ ਕੁਲਵੰਤ ਕੌਰ ਨਗਰ ਦਾ ਜੀਵਨ ਸਾਥੀ ਜਸਵਿੰਦਰ ਪੱਪੀ, ਬੇਟੀ ਨਰਗਿਸ ਅਤੇ ਬੇਟਾ ਅੰਮ੍ਰਿਤ ਸਾਰਾ ਪਰਿਵਾਰ ਰੰਗ ਮੰਚ ਨੂੰ ਸਮਰਪਿਤ ਹੈ ਙ ਸਮੂਹ ਨਗਰ ਨੂੰ ਨਵੇਂ ਵਰ੍ਹੇ ਪੁਸਤਕ ਪ੍ਰੇਮੀਆਂ, ਲੇਖਕਾਂ ਰੰਗ ਕਰਮੀਆਂ ਵੱਲੋਂ ਵਿਲੱਖਣ ਮੁਬਾਰਕ ਭੇਜੀ ਗਈ ਕਿ ਨਵੇਂ ਵਰ੍ਹੇ ਨੂੰ ਇਉਂ ਵੀ ਮੁਬਾਰਕ ਕਹਿਣ ਦੀ ਜਾਚ ਮੁਠੱਡਾ ਕਲਾਂ ਅਤੇ ਮਾਨਵਤਾ ਕਲਾ ਮੰਚ ਨਗਰ ਤੋਂ ਸਿੱਖਣੀ ਚਾਹੀਦੀ ਹੈ।ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਪਲਸ ਮੰਚ ਦੇ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ ਨੇ ਸੰਗਰਾਮੀ ਵਿਰਾਸਤ ਨੂੰ ਪ੍ਰਣਾਏ ਪਿੰਡ ਮੁਠੱਡਾ ਕਲਾਂ ਵਾਸੀਆਂ ਅਤੇ ਕਿਤਾਬ ਦੀ ਸਿਰਜਕ ਕੁਲਵੰਤ ਕੌਰ ਨਗਰ ਨੂੰ ਮੁਬਾਰਕ ਦਿੱਤੀ। ਉਹਨਾਂ ਕਿਹਾ ਕਿ ਭਵਿੱਖ ਵਿਚ ਮੁਠੱਡਾ ਕਲਾਂ ਇਸ ਸਮਾਗਮ ਦੀ ਮਹਿਕ ਹੋਰ ਵੀ ਲੋਕਾਂ ਤੱਕ ਲਿਜਾਣ ਅਤੇ ਰੰਗ ਮੰਚ ਮੇਲਾ ਕਰਕੇ ਨਵੇਂ ਸਾਲ ਦੀ ਨਵੀਓਂ ਨਵੀਂ ਬਹਾਰ ਦੀਆਂ ਸੰਭਾਵਨਾਵਾਂ ਜ਼ਰਾ ਮੌਸਮ ਦੇ ਖਿੜਵੇਂ ਦਿਨਾਂ ਦੀ ਉਡੀਕ ਵਿਚ ਹਨ। ਅਜਿਹੇ ਲੋਕ ਪੱਖੀ ਸਭਿਆਚਾਰਕ ਤਿਓਹਾਰ ਦੀ ਸਭ ਉਡੀਕ ਅਤੇ ਚਾਅ ਹੈ।

## ਨਵੇਂ ਸਮੇਂ ਦੀ ਨਵੀਂ ਬੀਮਾਰੀ

ਬੱਚਿਆਂ ਵਿੱਚ ਮੋਬਾਇਲ ਦੀ ਆਦਤ ,
ਮਾਪਿਆਂ ਦੇ ਰਾਹੀਂ ਪੈਂਦੀ ਐ ।
ਇਹ ਪਹੁੰਚੇ ਜਦੋਂ ਜਵਾਨੀ ਵਿੱਚ ਫ਼ਿਰ ,
ਕਈ ਤਕਲੀਫ਼ਾਂ ਸਹਿੰਦੀ ਐ ।
ਅਸੀਂ ਹਰ ਚੀਜ਼ ਦੀ ਵਰਤੋਂ ਨਾਲ਼ੋਂ ਵੱਧ ,
ਦੁਰਵਰਤੋਂ ਹੀ ਕਰਦੇ ਰਹੀਏ ;
ਬਚਪਨ ਵਿੱਚ ਜੋ ਆਦਤ ਪੱਕ ਜਾਏ ,
ਮਗਰੋਂ ਮੁਸ਼ਕਿਲ ਹੀ ਲਹਿੰਦੀ ਐ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਦੋ ਪੈਗ ਡੇਲੀ ਦੇ

ਵੇਹਲੜਾ ਦੇ ਨਾਲ ਤੁਰਿਆ ਫਿਰਦਾ
ਟੇਨਸ਼ਨ ਰਹਿਦੀ ਮੈਨੂੰ
ਘਰ ਬੱਚਿਆਂ ਨੂੰ ਕੀ ਚਾਹੀਦਾ ਫਿਕਰ ਫੁਕਰ ਨਹੀਂ ਤੈਨੂੰ
ਕਦ ਤੱਕ ਬੇਬੇ ਬਾਪੂ ਰਹਿਣੇ ਕਿਵੇਂ ਹੋਊ ਗੁਜ਼ਾਰਾ
ਵੇ ਦੋ ਪੈਗ ਡੇਲੀ ਦੇ ਬੰਦ ਕਰਦੇ ਸਰਦਾਰਾਂ,,,ਵੇ ਦੋ ਪੈਗ ਡੇਲੀ ਦੇ
ਬੱਚਿਆਂ ਕੋਲ ਸਕੂਲ ਦੀ ਵਰਦੀ ਹੈ ਨਹੀਂ ,,ਨਾਹੀਂ ਬੂਟ ਜੁਰਾਬਾਂ
ਪੈਨ ਕਾਪੀਆਂ ਝੋਲੇ ਦੇ ਵਿੱਚ ਨਾਹੀਂ ਦਿੱਸਣ ਕਿਤਾਬਾਂ
ਪੜ੍ਹ ਲਿਖ ਕੇ ਲੱਗ ਜਾਣ ਗੇ ਕੰਮ ਤੇ ਭਰ ਦਿਆਂ ਕਰ ਹੁੰਗਾਰਾ
ਵੇ ਦੋ ਪੈਗ ਡੇਲੀ ਦੇ ਬੰਦ ਕਰਦੇ ਸਰਦਾਰਾਂ,,,,ਵੇ ਦੋ ਪੈਗ ਡੇਲੀ ਦੇ
ਦੋ ਪੈਗਾ ਤੋਂ ਕਦੇ ਚਾਰ ਹੋ ਗਏ ਜਾਂ ਠੇਕੇ ਤੇ ਬਹਿਣਾ
ਫਿਰ ਨਹੀਂ ਮੁੜਦਾ ਘਰ ਨੂੰ ਸੋਫ਼ੀ ਰਾਹ ਵਿਚ ਡਿਗਿਆ ਰਹਿਣਾ
ਛੱਡ ਦੇਣੀ ਆ ਪੀਣੀ ਕੱਲ੍ਹ ਤੋਂ ਲਾਉਂਦਾ ਰਹੇ ਤੂੰ ਲਾਰਾਂ
ਵੇ ਦੋ ਪੈਗ ਡੇਲੀ ਦੇ ਬੰਦ ਕਰਦੇ ਸਰਦਾਰਾਂ,,,,ਵੇ ਦੋ ਪੈਗ ਡੇਲੀ ਦੇ
ਗੁਰਮੀਤ ਡਮਾਣੇ ਵਾਲਿਆ ਤੈਨੂੰ ਸਾਰੇ ਕਹਿਣ ਸ਼ਰਾਬੀ
ਜਿਨ੍ਹਾਂ ਨਾਲ ਤੇਰੀ ਬਹਿਣੀ ਉੱਠਣੀ ਉਹ ਭਰਦੇ ਆ ਚਾਬੀ
ਚੰਗੀ ਗੱਲ ਸੁਣ ਕੇ ਖਾਮਖਾਹ ਹੀ ਚੜ ਜਾਂਦਾ ਤੇਰਾ ਪਾਰਾ
ਵੇ ਦੋ ਪੈਗ ਡੇਲੀ ਦੇ ਬੰਦ ਕਰਦੇ ਸਰਦਾਰਾਂ,,, ਵੇ ਦੋ ਪੈਗ ਡੇਲੀ ਦੇ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਕੁਬੋਲੀ

ਦੁਸ਼ਮਣ ਬੈਠਾ ਕੇਂਦਰ ਦੇ ਵਿੱਚ,
ਛੱਡਦਾ ਹੋਵੇ ਫੂੰਕਾਰ
ਪਰ ਹੋਣ ਫੌਜਾਂ ਦੇ ਸੱਤਰ ਚੁੱਲ੍ਹੇ,
ਛੇ ਸੌ ਲਾਣੇਦਾਰ।
ਪੂਰਬ, ਪੱਛਮ, ਉੱਤਰ ਕਿਸੇ ਦੀ,
ਦੱਖਣ ਵੱਲ ਲਲਕਾਰ।
ਇਤਿਹਾਸ ਗਵਾਹ ਹੈ ਐਸੀ ਜੰਗ 'ਚੋਂ,
ਕੀ ਨਿਕਲਣ ਤੱਤ, ਸਾਰ ?
ਇਹੋ ਜਿਹੀਆਂ ਫੌਜਾਂ ਰੋਮੀਆਂ,
ਅੰਤ ਜਿੱਤ ਕੇ ਗਈਆਂ ਸਭ ਹਾਰ।



**ਰੋਮੀ ਘੜਾਮਾਂ।**
9855281105 (ਵਟਸਪ ਨੰ.)

## ਸਿਆਸਤੀ ਮਛੇਰੇ

ਕੈਲੰਡਰ ਬਦਲ ਜਾਂਦੇ ਨੇ ਜਦ ਸਾਲ ਬਦਲ ਜਾਂਦੇ ਨੇ।
ਭਵਿੱਖ, ਵਰਤਮਾਨ, ਭੂਤ ਕਾਲ ਬਦਲ ਜਾਂਦੇ ਨੇ।

ਗਤੀ ਉਹੀਉ ਰਹਿੰਦੀ ਸਭ ਗ੍ਰਹਿਆਂ, ਉਪ-ਗ੍ਰਹਿਆਂ ਦੀ,
ਸਮੇਂ ਸਮੇਂ ਰੁੱਤਾਂ ਵਾਲ਼ੇ ਹਾਲ ਬਦਲ ਜਾਂਦੇ ਨੇ।

ਥੋੜ੍ਹਾ, ਬਹੁਤ ਫਰਕ ਤਾਂ ਬੇਸ਼ੱਕ ਮਿਲੇ ਵੇਖਣੇ ਨੂੰ,
ਰੰਗ ਪਰ ਕਾਇਨਾਤ ਦੇ ਕਮਾਲ ਬਦਲ ਜਾਂਦੇ ਨੇ।

ਸਿਆਸੀ ਪਲਟੂਆਂ ਦੀ ਪਰ ਹੁੰਦੀ ਕੋਈ ਰੁੱਤ ਨਾ,
ਭਾਰੀ ਹੋਏ ਪੱਲੜੇ ਦੇ ਨਾਲ ਬਦਲ ਜਾਂਦੇ ਨੇ।

ਪੱਗਾਂ, ਟੋਪੀਆਂ ਦੇ ਨਾਲ਼ ਨਾਹਰੇ ਤਬਦੀਲ ਹੁੰਦੇ,
ਭਾਸ਼ਣ, ਬਿਆਨ ਤੇ ਸੁਰ-ਤਾਲ ਬਦਲ ਜਾਂਦੇ ਨੇ।

ਵੋਟਰ ਤਾਂ ਮੱਛੀਆਂ ਘੜਾਮੇਂ ਵਾਲ਼ੇ ਰੋਮੀਆਂ ਜਿਉਂ,
ਸਿਆਸਤੀ ਮਛੇਰਿਆਂ ਦੇ ਜਾਲ਼ ਬਦਲ ਜਾਂਦੇ ਨੇ।

**ਰੋਮੀ ਘੜਾਮਾਂ।**
9855281105 (ਵਟਸਪ ਨੰ.)

**"ਦੋਹਾ"**

**ਸਿਰ ਦੇ ਉੱਤੇ ਛੱਤ ਨਾ, ਖਾਲੀ ਕੌਲੀ ਥਾਲ।**
**ਆਖਣ ਲੋਕੀ ਆ ਗਿਆ, ਹੋਰ ਸੁਨਹਿਰੀ ਸਾਲ।**
(ਮੋਹਨ ਗਿੱਲ, ਡੇਹਲੋਂ)



## ਰੰਗ

ਜੀਵਣ ਦੇ ਲਈ ਸੱਜਣਾਂ ਵੇ
ਜ਼ਿੰਦਗੀ ਦੇ ਵਿਚ ਢੰਗ ਬੜੇ ਨੇ ,
ਨਸਲਾਂ ਜਾਤਾਂ ਤੋਂ ਜੇ ਉੱਪਰ ਉੱਠੋਂ
ਦੁਨੀਆਂ ਦੇ ਵਿਚ ਰੰਗ ਬੜੇ ਨੇ,
ਛੱਤ 'ਤੇ ਚੜ੍ਹ ਕੇ ਜਦ ਵੀ ਤੱਕਾਂ
ਨੱਚਦੇ ਪਏ ਪਤੰਗ ਬੜੇ ਨੇ,
ਵੱਲ ਦਰਵਾਜ਼ੇ ਜਦ ਮੈਂ ਦੇਖਾਂ
ਹੱਸਦੇ ਗਾਉਂਦੇ ਬਾਲ ਖੜ੍ਹੇ ਨੇ,
ਨਿੱਕੇ ਨਿੱਕੇ ਹੱਥਾਂ ਦੇ ਵਿਚ
ਰੰਗ ਬਰੰਗੇ ਰੰਗ ਫੜ੍ਹੇ ਨੇ,
ਸਹਿਮ ਗਈ ਪਰ ਬੋਲੀ ਕੁਝ ਨਾ
ਫੇ ਸੋਚਿਆ ਰੰਗ ਨ ਕਦੇ ਲੜੇ ਨੇ,
ਪੈਰਾਂ ਤੋਂ ਫੜ੍ਹ ਉੱਚਾ ਚੁੱਕਣ
ਐਸੇ ਵੀ ਸੱਜਣਾਂ ਥੜ੍ਹੇ ਬੜੇ ਨੇ,
ਕੁਰਸੀ ਪਿੱਛੇ ਭਿਖਿਆ ਮੰਗਣ
ਰਾਜੇ ਲੋਕ ਮਲੰਗ ਬੜੇ ਨੇ,
ਸੱਚੀਂ ਲੜਦੇ ਕਦੇ ਨਾ ਦੇਖੇ
ਰੰਗਾਂ ਦੇ ਵੀ ਧੜ੍ਹੇ ਬੜੇ ਨੇ,
ਪਰ ਰੰਗਾਂ ਪਿੱਛੇ ਲੜਦੇ ਦੇਖੇ
ਜ਼ਾਲਿਮ ਲੋਕ ਬੇਰੰਗ ਬੜੇ ਨੇ
ਜ਼ਾਲਿਮ ਲੋਕ ਬੇਰੰਗ ਬੜੇ ਨੇ।



**ਬੇਅੰਤ ਕੌਰ**
( ਕਿਤਾਬ 'ਨਾਦ' ਵਿੱਚੋਂ)



# ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਸਵਿੰਦਰ ਸੰਧੂ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਜ਼ਿੰਦਗੀ ਦਾ ਮੰਚ ਲੋਕ ਅਰਪਣ

**ਜਲੰਧਰ (ਰਮੇਸ਼ਵਰ ਸਿੰਘ)** ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾ਼ਲ ਬੀਤੇ ਕੱਲ੍ਹ ਪੰਜਾਬ ਪ੍ਰੈਸ ਕਲੱਬ ਜਲੰਧਰ ਵਿੱਚ ਪ੍ਰਸਿੱਧ ਸ਼ਾਇਰ ਜਗਦੀਸ਼ ਰਾਣਾ ਦੁਆਰਾ ਸੰਪਾਦਿਤ ਪੁਸਤਕ ਜ਼ਿੰਦਗੀ ਦਾ ਮੰਚ (ਸਵਿੰਦਰ ਸੰਧੂ ਦੀਆਂ ਚੋਣਵੀਆਂ ਕਵਿਤਾਵਾਂ) ਦਾ ਲੋਕ ਅਰਪਣ ਅਤੇ ਉਸਤਾਦ ਸ਼ਾਇਰ ਗੁਰਦੀਪ ਸਿੰਘ ਔਲਖ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ।ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ, ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਮੀਤ ਪ੍ਰਧਾਨ ਅਤੇ ਨੈਸ਼ਨਲ ਬੁੱਕ ਟਰੱਸਟ ਇੰਡੀਆ ਦੇ ਸਾਬਕਾ ਨਿਰਦੇਸ਼ਕ ਡਾ.ਬਲਦੇਵ ਸਿੰਘ ਬੱਦਨ, ਪ੍ਰਿੰਸੀਪਲ ਅਤੇ ਸ਼ਾਇਰ ਨਵਤੇਜ਼ ਗੜ੍ਹਦੀਵਾਲਾ,ਜ਼ਿਲ੍ਹਾ ਪ੍ਰਧਾਨ ਜਲੰਧਰ ਡਾ. ਕੰਵਲਭੱਲਾ, ਕਵਿੱਤਰੀ ਸਵਿੰਦਰ ਸੰਧੂ ਅਤੇ ਉੱਘੇ ਗ਼ਜ਼ਲਕਾਰ ਗੁਰਦੀਪ ਸਿੰਘ ਸੈਣੀ ਸ਼ਾਮਿਲ ਹੋਏ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਕੁਝ ਦਿਨ ਪਹਿਲਾਂ ਪ੍ਰਲੋਕ ਸਿਧਾਰ ਗਏ ਉਸਤਾਦ ਸ਼ਾਇਰ ਗੁਰਦੀਪ ਸਿੰਘ ਔਲਖ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।

ਪੁਸਤਕ ਜ਼ਿੰਦਗੀ ਦਾ ਮੰਚ ਬਾਰੇ ਡਾ.ਬਲਦੇਵ ਸਿੰਘ ਬੱਦਨ ਅਤੇ ਚਰਨਜੀਤ ਗਿੱਲ ਸਮਾਲਸਰ ਨੇ ਬਹੁਤ ਹੀ ਵਿਸਥਾਰ ਨਾਲ ਪ੍ਰਭਾਵਸ਼ੀਲ ਪਰਚੇ ਪੜ੍ਹੇ।ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕਿਹਾ ਕਿ ਸਾਹਿਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਲੋਕ ਮਸਲਿਆਂ ਤੇ ਵੱਧ ਤੋਂ ਵੱਧ ਲਿਖਣ ਅਤੇ




ਗ਼ਜ਼ਲ ਦੇ ਨਾ਼ਲ ਨਾ਼ਲ ਸਾਹਤਿਕ ਗੀਤ ਅਤੇ ਵਾਰਾਂ ਵੀ ਜ਼ਰੂਰ ਲਿਖਣ। ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ ਨੇ ਕਿਹਾ ਕਿ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਦਾ ਜਲੰਧਰ ਦੀਆਂ ਸਾਹਤਿਕ ਗਤੀਵਿਧੀਆਂ ਵਿਚ ਵੱਡਾ ਰੋਲ ਹੈ।ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਅਤੇ ਮੰਚ ਦੇ ਸੰਸਥਾਪਕ ਪ੍ਰਧਾਨ ਉਸਤਾਦ ਸ਼ਾਇਰ ਮਰਹੂਮ ਰਾਜਿੰਦਰ ਪਰਦੇਸੀ ਦੇ ਬੇਟੇ ਅਤੇ ਮੰਚ ਦੇ ਖ਼ਜਾਨਚੀ ਤਜਿੰਦਰ ਮਨਚੰਦਾ ਨੇ ਕਿਹਾ ਕਿ ਮੰਚ ਦਾ ਮਕਸਦ ਪੁਰਾਣਿਆਂ ਦੇ ਨਾ਼ਲ ਨਾ਼ਲ ਨਵੀਂਆਂ ਕਲਮਾਂ ਨੂੰ ਵੀ ਅੱਗੇ ਵਧਾਉਣਾ ਹੈ।ਮੰਚ ਸੰਚਾਲਨ ਕਰ ਰਹੇ ਜਗਦੀਸ਼ ਰਾਣਾ ਨੇ ਵਿੱਚ ਵਿੱਚ ਆਪਣੇ ਚੋਣਵੇਂ ਸ਼ਿਅਰ ਸੁਣਾਏ।ਇਸ ਦੌਰਾਨ ਹੋਏ ਕਵੀ ਦਰਬਾਰ ਵਿਚ ਮੱਖਣ ਸਿੰਘ ਮਾਨ, ਡਾ.ਰਾਮ ਮੂਰਤੀ, ਸੰਤ ਸਿੰਘ ਸੰਧੂ, ਗੁਲਜ਼ਾਰ ਸਿੰਘ ਸ਼ੌਂਕੀ,ਨਾਹਰ ਸਿੰਘ ਮੁਬਾਰਕਪੁਰੀ, ਹਰਬੰਸ ਸਿੰਘ ਅਕਸ,ਮਨਜੀਤ ਸਿੰਘ,ਮਾਧਵੀ ਅੱਗਰਵਾਲ ਮਾਲਾ,ਸੋਮਾ ਸਬਲੋਕ,ਧਰਮਵੀਰ ਸਾਗਰ,ਕੇ ਸਾਧੂ ਸਿੰਘ,ਕੀਮਤੀ ਕੈਸਰ, ਜਰਨੈਲ ਸਾਖੀ,ਸ਼ਾਮ ਸਰਗੂੰਦੀ, ਸੋਹਣ ਸਹਿਜਲ,ਮਨੋਜ ਫਗਵਾੜਵੀ, ਸਾਹਿਬਾ ਜੀਟਨ ਕੌਰ,ਜਸਵਿੰਦਰ ਸਿੰਘ ਜੱਸੀ, ਜਸਵਿੰਦਰ ਫਗਵਾੜਾ,ਬਲਬੀਰ ਕੌਰ ਬੱਬੂ ਸੈਣੀ,ਹਰਦਿਆਲ ਹੁਸ਼ਿਆਰਪੁਰੀ,ਸੁਖਦੇਵ ਗੰਢਵਾਂ,ਹਰਜਿੰਦਰ ਜਿੰਦੀ, ਕੁਲਵਿੰਦਰ ਗਾਖਲ,ਰੀਤੂ ਕਲਸੀ,ਕੁਲਵਿੰਦਰ ਸਿੰਘ ਬਾਘਾਪੁਰਾਣਾ,ਅਮਰ ਸਿੰਘ ਅਮਰ,ਨੂਰ ਕਮਲ,ਦੀਪ ਜਗਤਪੁਰੀ, ਦਿਲਬਹਾਰ ਸ਼ੌਕਤ ਸਮੇਤ ਤਿੰਨ ਦਰਜਨ ਤੋਂ ਵੱਧ ਕਵੀਆਂ ਨੇ ਆਪਣੀਆਂ ਰਚਨਾਵਾਂ ਨਾ਼ਲ ਖ਼ੂਬ ਰੰਗ ਬੰਨ੍ਹਿਆ।ਇਸ ਮੌਕੇ ਰਣਜੀਤ ਮੈਗਜ਼ੀਨ ਦੇ ਸੰਪਾਦਕ ਇੰਜੀ.ਕਰਮਜੀਤ ਸਿੰਘ,ਗੁਰ-ਚਰਨ ਸਿੰਘ ਚੀਮਾ,ਕਹਾਣੀਕਾਰ ਭੁਪਿੰਦਰ ਉਸਤਾਦ, ਅਵਤਾਰ ਸਮਾਲ-ਸਰ, ਕਰਨਲ ਜਗਬੀਰ ਸਿੰਘ ਸੰਧੂ, ਨਵਦੀਪ ਕੌਰ,ਗੀਤਾ ਵਰਮਾ,ਬਸੰਤ ਕੁਮਾਰ ਸ਼ਾਯਦ,ਰੋਹਿਤ ਸਿੱਧੂ,ਗਾਇਕ ਬਲਵਿੰਦਰ ਦਿਲਦਾਰ,ਰਮਣੀਕ ਸਿੰਘ ਘੁੰਮਣ,ਨਗੀਨਾ ਸਿੰਘ ਬਲੱਗਣ, ਉਰਮਿਲਜੀਤ ਸਿੰਘ,ਸੀਰਤ ਸਿਖਿਆਰਥੀ, ਸ਼ਮਿੰਦਰਜੀਤ ਸਿੰਘ ਨਾਵਲਕਾਰ ਗੁਰਨਾਮ ਬਾਵਾ ਅਤੇ ਹੋਰ ਮੌਜੂਦ ਸਨ।

# ਨਵੇਂ ਸਾਲ ਤੋਂ ਪੰਜਾਬ ਦੇ ਇਕ ਕਰੋੜ ਬਿਜਲੀ ਖਪਤਕਾਰਾਂ ਦੇ ਘਰਾਂ ਵਿੱਚ ਮਾਂ ਬੋਲੀ ਪੰਜਾਬੀ ਦਾ ਦੀਵਾ ਬਲਣਾ ਵੀ ਸ਼ੁਰੂ

**ਲੁਧਿਆਣਾ (ਰਮੇਸ਼ਵਰ ਸਿੰਘ)** ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਕਨੂੰਨੀ ਟੀਮ ਦੇ ਮੈਂਬਰ ਐਡਵੋਕੇਟ ਨਿਖਲ ਥੰਮਣ ਵੱਲੋਂ ਇੱਕ ਲੋਕ ਹਿੱਤ ਜਾਚਿਕਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਇਰ ਕੀਤੀ ਗਈ ਸੀ ਜਿਸ ਰਾਹੀਂ ਮੰਗ ਕੀਤੀ ਗਈ ਸੀ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ (PSPCL.) ਵੱਲੋਂ ਜਾਰੀ ਕੀਤੇ ਜਾਂਦੇ ਬਿਜਲੀ ਖਪਤ ਬਿੱਲ ਪੰਜਾਬੀ ਵਿੱਚ ਵੀ ਭੇਜੇ ਜਾਣ। ਇਸ ਪਟੀਸ਼ਨ ਦੀ ਮੁੱਢਲੀ ਸੁਣਵਾਈ 16 ਦਸੰਬਰ 2024 ਨੂੰ ਹੋਈ ਸੀ ਅਤੇ ਅਗਲੀ ਸੁਣਵਾਈ 23 ਜਨਵਰੀ 2025 ਨੂੰ ਹੈ।

ਮਾਨਯੋਗ ਹਾਈਕੋਰਟ ਦੇ




ਕਿਸੇ ਫ਼ੈਸਲੇ ਤੋਂ ਪਹਿਲਾਂ ਹੀ ਪੀਐਸਪੀਸੀਐਲ ਵੱਲੋਂ ਬਿਜਲੀ ਖਪਤ ਬਿਲ ਪੰਜਾਬੀ ਵਿੱਚ ਭੇਜਣੇ ਸ਼ੁਰੂ ਕਰ ਦਿੱਤੇ ਗਏ ਹਨ।

ਯਾਦ ਰਹੇ ਕਿ ਪੰਜਾਬ ਵਿੱਚ ਬਿਜਲੀ ਖਪਤਕਾਰਾਂ ਦੀ ਗਿਣਤੀ ਇਕ ਕਰੋੜ ਤੋਂ ਵੀ ਵੱਧ ਹੈ। ਇੰਜ ਨਵੇਂ ਸਾਲ ਤੋਂ ਪੰਜਾਬ ਦੇ ਘਰ ਘਰ ਵਿੱਚ ਪੰਜਾਬੀ ਭਾਸ਼ਾ ਦਾ ਦੀਵਾ ਵੀ ਬਲਣਾ ਸ਼ੁਰੂ ਹੋ ਗਿਆ ਹੈ।

ਇਹ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ, ਐਡਵੋਕੇਟ ਨਿਖਲ ਥੰਮਣ ਅਤੇ ਸਾਰੇ ਪੰਜਾਬੀ ਪਿਆਰਿਆਂ ਦੇ ਲਗਾਤਾਰ ਕੀਤੇ ਗਏ ਸੰਘਰਸ਼ ਕਾਰਨ ਸੰਭਵ ਹੋ ਸਕਿਆ ਹੈ।

# ਸੰਵਿਧਾਨ ਭਾਰਤੀ ਨਾਗਰਿਕਾਂ ਨੂੰ ਭੇਦਭਾਵ ਮੁਕਤ ਅਤੇ ਗਰੀਬੀ ਮੁਕਤ ਜਿੰਦਗੀ ਜਿਉਣ ਦੇ ਬਰਾਬਰ ਰਸਤੇ ਤੈਅ ਕਰਦਾ : ਲੰਬੜਦਾਰ ਰਣਜੀਤ ਰਾਣਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸੰਵਿਧਾਨ ਭਾਰਤੀ ਨਾਗਰਿਕਾਂ ਨੂੰ ਭੇਦਭਾਵ ਮੁਕਤ ਅਤੇ ਗਰੀਬੀ ਮੁਕਤ ਜਿੰਦਗੀ ਜਿਉਣ ਦੇ ਬਰਾਬਰ ਰਸਤੇ ਤੈਅ ਕਰਦਾ ਹੈ ਇਹ ਸਭ ਕੁਝ ਤਾਂ ਹੀ ਹੋਵੇਗਾ ਜਦੋਂ ਤੱਕ ਉਹ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੰਮ ਕੀਤਾ ਜਾਵੇ ਤੇ ਜਦੋਂ ਤੱਕ ਉਹਨਾਂ ਨਿਰਦੇਸ਼ਾਂ ਉੱਤੇ ਅਮਲ ਨਹੀਂ ਹੁੰਦਾ ਇਹਨਾਂ ਗੱਲਾਂ ਦਾ ਪ੍ਰਗਟਾਵਾ ਮੁਹੱਲਾ ਭੀਮ ਨਗਰ ਦੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੁਰਹੀਰਾਂ ਦੇ ਲੰਬੜਦਾਰ ਲਾਇਨ ਰਣਜੀਤ ਸਿੰਘ ਰਾਣਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਸੰਵਿਧਾਨ ਨਾਲ ਅੱਜ ਅੰਦਰ ਖਾਤੇ ਵੱਡੇ ਪੱਧਰ ਤੇ ਛੇੜਛਾੜ ਹੋ ਰਹੀ ਹੈ ਉਹਨਾਂ ਕਿਹਾ ਕਿ ਅਗਰ ਸੰਵਿਧਾਨ ਦੇ ਮੂਲ ਸੰਵਿਧਾਨਕ ਅਧਿਕਾਰਾਂ ਨੂੰ ਹੀ ਪੂਰੀ ਲਗਨ ਤੇ ਇਮਾਨਦਾਰੀ ਨਾਲ ਲਾਗੂ ਕੀਤਾ ਹੁੰਦਾ ਤਾ ਕਦੇ ਵੀ ਸਿੱਖਿਆ ਦੇ ਖੇਤਰ ਵਿੱਚ ਨਾ ਤਾਂ ਭੇਦਭਾਵ ਹੋਣਾ ਸੀ ਨਾ ਗਰੀਬੀ ਹੋਣੀ ਸੀ ਨਾ ਹੀ ਪ੍ਰਦੂਸ਼ਣ ਫੈਲਣਾ ਸੀ ਨਾ ਹੀ ਜੰਗਲਾ ਦਾ ਖਾਤਮਾ ਹੋਣਾ ਸੀ ਤੇ ਨਾ ਹੀ ਅਨਪੜਤਾ ਹੋਣੀ ਸੀ ਨਾ ਹੀ ਲੋਕ ਬਿਨਾਂ ਘਰਾਂ ਤੋਂ ਹੋਣੇ ਸੀ ਨਾ ਹੀ ਅਮੀਰੀ ਗਰੀਬੀ ਵਿੱਚ ਆਰਥਿਕ ਤੇ ਸਮਾਜਿਕ ਪਾੜਾ ਵੱਧਣਾ ਸੀ ਨਾ ਹੀ ਹਵਾ ਪਾਣੀ ਧਰਤੀ ਦੂਸ਼ਿਤ ਹੋਣੀ ਸੀ ਤੇ ਨਾ ਹੀ ਭੋਜਨ ਵਿੱਚ ਮਿਲ-



ਾਵਟ ਹੋਣੀ ਸੀ ਤੇ ਨਾ ਹੀ ਦੇਸ਼ ਵਿੱਚ ਭਰਿਸ਼ਟਾਚਾਰ ਉਬਾਲੇ ਮਾਰਨਾ ਸੀ ਨਾ ਹੀ ਬੱਚੀਆਂ ਨਾਲ ਬਲਾਤਕਾਰ ਹੋਣਾ ਸੀ ਉਹਨਾਂ ਕਿਹਾ ਕਿ ਵੋਟਾਂ ਲੈਣ ਵੇਲੇ ਜਿਸ ਤਰ੍ਹਾਂ ਸ਼ਰਾਬ ਪੈਸੇ ਅਤੇ ਔਰਤਾਂ ਦੇ ਸੂਟ ਆਦਿ ਵੰਡੇ ਜਾਂਦੇ ਹਨ ਇਹ ਕਦੇ ਵੀ ਨਹੀਂ ਹੋਣਾ ਸੀ ਉਹਨਾਂ ਕਿਹਾ ਕਿ ਜਿਹੜੀਆਂ ਤੁੱਰਟੀਆਂ ਅੱਜ ਦੇਖਣ ਨੂੰ ਮਿਲਦੀਆਂ ਹਨ ਉਹ ਸੰਵਿਧਾਨ ਦੀ ਦੇਣ ਨਹੀਂ ਸਗੋਂ ਸਰਕਾਰਾਂ ਦੇ ਝੂਠ ਅਤੇ ਉਹਨਾਂ ਦੇ ਸਵਾਰਥ ਦੀ ਹੀ ਦੇਣ ਹੈ।

ਉਹਨਾਂ ਕਿਹਾ ਕਿ ਸੱਚਾਈ ਤੋਂ ਸਰਕਾਰਾਂ ਕੋਹਾਂ ਦੂਰ ਬੈਠੀਆਂ ਹਨ ਸੰਵਿਧਾਨ ਨੂੰ ਸਹੀ ਤਰੀਕੇ ਨਾਲ ਲਾਗੂ ਨਾ ਕਰਨ ਕਰਕੇ ਹੀ ਦੇਸ਼ ਵਿੱਚ ਲੋਕਾਂ ਦਾ ਜੀਵਨ ਨਰਕ ਬਣਿਆ ਪਿਆ ਹੈ ਉਹਨਾਂ ਕਿਹਾ ਕਿ ਇਹ ਕਿੱਥੇ ਦੀ ਨੀਤੀ ਹੈ ਕਿ ਪ੍ਰਦੂਸ਼ਣ ਵਰਗੀਆਂ ਅਲਾਮਤਾਂ ਕਾਰਨ ਲੱਖਾਂ ਲੋਕ ਹਰ ਸਾਲ ਆਪਣੀ ਅਸਲ ਉਮਰ ਭੋਗਣ ਤੋਂ ਪਹਿਲਾਂ ਹੀ ਦਮ ਤੋੜ ਰਹੇ ਹਨ !

# ਬੁੱਧ ਵਿਹਾਰ ਸੋਫੀ ਪਿੰਡ ਵਿਖੇ ਮਾਤਾ ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ ਗਿਆ









**ਜਲੰਧਰ, (ਜੱਸਲ)–** ਅੱਜ ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵਲੋਂ ਆਪਣੇ ਪਿੰਡ ਵਿੱਚ ਬਣੇ ਬੁੱਧ ਵਿਹਾਰ ਵਿਖੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਬੜੇ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਸ ਮੌਕੇ ‘ਤੇ ਐਡਵੋਕੇਟ ਹਰਭਜਨ ਸਾਂਪਲਾ ਜਨਰਲ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਕਿਹਾ ਕਿ ਕ੍ਰਾਂਤੀਜੋਤੀ ਮਾਤਾ ਸਵਿੱਤਰੀ ਬਾਈ ਫੂਲੇ ਭਾਰਤ ਦੇ ਪਹਿਲੇ ਦਲਿਤ ਮਹਿਲਾ ਅਧਿਆਪਕਾ ਸਨ, ਜਿਨਾਂ ਨੇ ਇੱਕ ਜਨਵਰੀ 1848 ਵਿੱਚ ਪੂਨੇ ਵਿਖੇ ਲੜਕੀਆਂ ਲਈ ਸਿੱਖਿਆ ਵਾਸਤੇ ਪਹਿਲਾ ਸਕੂਲ ਖੋਲ੍ਹਿਆ। ਭਾਵੇਂ ਵਿਰੋਧੀ ਉਸ ‘ਤੇ ਚਿੱਕੜ ਸੁੱਟਦੇ ਰਹੇ ਪਰ ਉਹ ਆਪਣੇ ਦ੍ਰਿੜ ਸੰਕਲਪ, ਨਿਸ਼ਚੇ ‘ਤੇ ਹਮੇਸ਼ਾ ਕਾਇਮ ਰਹੇ, ਇੱਕ ਕਦਮ ਵੀ ਪਿੱਛੇ ਨਹੀਂ ਹਟੇ। ਮਾਤਾ ਸਵਿੱਤਰੀ ਬਾਈ ਫੂਲੇ, ਮਹਾਤਮਾ ਜੋਤੀਬਾ ਫੂਲੇ ਅਤੇ ਹੋਰ ਘੱਟ ਗਿਣਤੀ ਦੇ ਬੁੱਧੀਜੀਵੀਆਂ ਨਾਲ ਰਲ ਕੇ ਉਹਨਾਂ 18 ਸਕੂਲ ਹੋਰ ਖੋਲ੍ਹੇ। ਜਿਨਾਂ ਵਿੱਚ ਜ਼ਿਆਦਾ ਗਿਣਤੀ ਔਰਤਾਂ ਦੀ ਸੀ। ਇਸ ਤਰ੍ਹਾਂ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਔਰਤਾਂ ਦੇ ਅੰਦੋਲਨ ਵਿੱਚ ਵੱਡਾ ਯੋਗਦਾਨ ਰਿਹਾ ਹੈ। ਅੰਦੋਲਨ ਸਦਕਾ ਮਾਤਾ ਸਵਿੱਤਰੀ ਬਾਈ ਫੂਲੇ ਜੀ ਨੂੰ ਵਿਰੋਧੀਆਂ ਨਾਲ ਲੋਹਾ ਲੈਣਾ ਪਿਆ। ਸ੍ਰੀ ਸਾਂਪਲਾ ਨੇ ਕਿਹਾ ਕਿ ਫੂਲੇ ਦੇ ਇਸ ਕ੍ਰਾਂਤੀਕਾਰੀ ਅੰਦੋਲਨ ਦਾ ਮਕਸਦ ਔਰਤਾਂ ਦਾ ਸਨਮਾਨ, ਸਵੈਮਾਨ, ਸਿੱਖਿਆ ਗ੍ਰਹਿਣ ਕਰਨ ਦਾ ਮਰਦ ਬਰਾਬਰ ਅਧਿਕਾਰ ਦੇਣ, ਊਚ-ਨੀਚ, ਜਾਤ -ਪਾਤ ਦੇ ਭੇਦ -ਭਾਵ ਤੋਂ ਉੱਪਰ ਉੱਠਣਾ ਸੀ। ਇਸ ਸਮਾਗਮ ਵਿੱਚ ਡਾ. ਅਵਿਨਾਸ਼ ਚੰਦਰ ਸੌਂਧੀ, ਚਮਨ ਸਾਂਪਲਾ, ਜਸਵੰਤ ਰਾਏ ਸਾਂਪਲਾ, ਆਈਜੈਕ ਮਸੀਹ, ਰੱਜਤ, ਰੁਪਾਲੀ, ਗੌਤਮ ਬੌਧ, ਬਲਦੀਸ਼ ਕੌਰ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ॥

# ਸਮਾਜਿਕ ਜਾਗ੍ਰਿਤੀ ਮੰਚ ਵੱਲੋਂ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਸੰਤੋਖਪੁਰਾ ਵਿੱਚ ਮਨਾਇਆ ਗਿਆ

- ਜਾਗਰਤੀ ਮੰਚ ਦਾ ‘ਲੋਗੋ’ ਮੁੱਖ ਵਕਤਾ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਰਿਲੀਜ਼ ਕੀਤਾ,
- ਸਮਾਗਮ ਸਤਵਿੰਦਰ ਮਦਾਰਾ ਦੀ ਪ੍ਰਧਾਨਗੀ ਹੇਠ ਹੋਇਆ









**ਜਲੰਧਰ, (ਜੱਸਲ)–** ਸਮਾਜਿਕ ਜਾਗ੍ਰਿਤੀ ਮੰਚ ਵਲੋਂ ਕ੍ਰਾਂਤੀਜੋਤੀ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਡਾ. ਅੰਬੇਡਕਰ ਭਵਨ, ਨੇੜੇ ਦੁਰਗਾ ਵਿਹਾਰ ,ਸੰਤੋਖਪੁਰਾ ਵਿਖੇ ਬੜੇ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਸਤਵਿੰਦਰ ਮਦਾਰਾ ਨੇ ਕੀਤੀ। ਇਸ ਸਮਾਗਮ ਦੇ ਮੁੱਖ ਵਕਤਾ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਕ੍ਰਾਂਤੀਜੋਤ ਮਾਤਾ ਸਵਿੱਤਰੀ ਬਾਈ ਫੂਲੇ ਭਾਰਤ ਦੇ ਪਹਿਲੇ ਦਲਿਤ ਮਹਿਲਾ ਅਧਿਆਪਕਾ ਸਨ, ਜਿਨਾਂ 1ਜਨਵਰੀ 1948 ਨੂੰ ਪੂਨੇ ਵਿਖੇ ਲੜਕੀਆਂ ਲਈ ਸਿੱਖਿਆ ਵਾਸਤੇ ਪਹਿਲਾ ਸਕੂਲ ਖੋਲ੍ਹਿਆ। ਭਾਵੇਂ ਵਿਰੋਧੀ ਉਸ ‘ਤੇ ਚਿੱਕੜ ਸੁੱਟਦੇ ਰਹੇ। ਪਰ ਉਹ ਆਪਣੇ ਦ੍ਰਿੜ ਸੰਕਲਪ ‘ਤੇ ਹਮੇਸ਼ਾ ਡਟੇ ਰਹੇ, ਇੱਕ ਕਦਮ ਵੀ ਪਿੱਛੇ ਨਹੀਂ ਹਟੇ। ਮਾਨਯੋਗ ਪ੍ਰਿੰਸੀਪਲ ਪਰਮਜੀਤ ਜੱਸਲ ਵਲੋਂ “ਸਮਾਜਿਕ ਜਾਗ੍ਰਿਤੀ ਮੰਚ “ਦੇ ‘ਲੋਗੋ’ ਨੂੰ ਆਪਣੇ ਕਰ ਕਮਲਾ ਨਾਲ ਰਿਲੀਜ਼ ਕੀਤਾ ਗਿਆ ਅਤੇ ਸ੍ਰੀ ਮਦਾਰਾ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ।

ਸ੍ਰੀ ਸਤਵਿੰਦਰ ਮਦਾਰਾ ਨੇ ਕਿਹਾ ਕਿ ਕ੍ਰਾਂਤੀਕਾਰੀ ਮਾਤਾ ਸਵਿੱਤਰੀ ਬਾਈ ਫੂਲੇ ਜੀ ਨੇ ਔਰਤ ਜਾਤੀ ਵਾਸਤੇ ਸਕੂਲ ਖੋਲ੍ਹ ਕੇ ਸਮਾਨਤਾ ਲਈ ਅੰਦੋਲਨ ਕੀਤਾ।

ਅਸ਼ਵਨੀ ਕੁਮਾਰ ਬਲਾਚੌਰ ਨੇ ਕਿਹਾ ਕਿ ਮਹਾਤਮਾ ਜੋਤੀਬਾ ਫੂਲੇ ਨੂੰ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਆਪਣਾ ਗੁਰੂ ਮੰਨਦੇ ਸਨ। ਅੰਬੇਡਕਰੀ ਮਿਸ਼ਨਰੀ ਸਾਥੀ ਸ਼੍ਰੀ ਰੇਸ਼ਮ ਚੰਦ ਜੱਖੂ ਸਾਬਕਾ ਇੰਸਪੈਕਟਰ ਨੇ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਬਾਬਾ ਸਾਹਿਬ ਦੇ ਕਾਰਵਾਂ ਨੂੰ ਅੱਗੇ ਵਧਾਉਣ ਲਈ ਸਹਿਯੋਗ ਕਰਨਾ ਚਾਹੀਦਾ ਹੈ।

ਸ਼੍ਰੀ ਕਰਨੈਲ ਸੰਤੋਖਪੁਰੀ ਨੇ ‘ਪੜ੍ਹੋ, ਜੁੜੋ ਤੇ ਸੰਘਰਸ਼ ਕਰੋ’ ਸਿਧਾਂਤ ‘ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਇਹਨਾਂ ਤੋਂ ਇਲ-ਾਵਾ ਲਲਿਤ ਅੰਬੇਡਕਰੀ, ਰੋਹਿਤ ਭਾਟੀਆ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ । ਸਮਾਗਮ ਵਿੱਚ ਵੱਖ -ਵੱਖ ਸਕੂਲਾਂ, ਕਾਲਜ ਤੋਂ ਆਏ ਵਿਦਿਆਰਥੀਆਂ ਨੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇ ਜੀਵਨ ਅਤੇ ਫਲਸਫੇ ਸਬੰਧੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਮਾਜਿਕ ਜਾਗ੍ਰਿਤੀ ਮੰਚ ਵਲੋਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਮੁੱਖ ਵਕਤਾ ਪ੍ਰਿੰਸੀਪਲ ਪਰਮਜੀਤ ਜੱਸਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਵਿਸ਼ੇਸ਼ ਮਹਿਮਾਨਾਂ ਦਾ ਵੀ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਮਹਿਲਾਵਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜਿਹਨਾਂ ਵਿੱਚ ਜਸਵਿੰਦਰ ਕੌਰ, ਜੋਤੀ, ਪਰਮਜੀਤ ਕੌਰ, ਨਿਸ਼ਾ, ਪ੍ਰਦੀਪ ਕੌਰ, ਰਵਿੰਦਰ ਕੌਰ ਦੁਰਗਾ, ਰਾਜਦੀਪ ਕੌਰ, ਪ੍ਰੀਆ, ਰਣਜੀਤ ਕੌਰ, ਪੂਨਮ ਭਾਟੀਆ, ਰੋਹਿਤ ਭਾਟੀਆ, ਲਲਿਤ ਅੰਬੇਡਕਰੀ, ਅਮਰਜੀਤ ਸਿੱਧੂ, ਅਮਰਨਾਥ ਮਹੇ, ਹਰਿਨਾਮ ਦਾਸ, ਰਾਜ ਕੁਮਾਰ ਸਾਬਕਾ ਸਰਪੰਚ ਨੂਰਪੁਰ, ਨਿਤਿਨ ਸੰਤੋਖਪੁਰਾ, ਕੁਲਦੀਪ ਕੁਮਾਰ ਬੱਗਾ, ਪਾਲ ਜਲੰਧਰੀ, ਅਮਨ ਲਾਲ, ਗੁਰਪ੍ਰੀਤ ਬਸਰਾ, ਹਰਦੀਪ ਸਿੰਘ ਅਤੇ ਤਮੰਨਾ ਬੰਗੜ ਆਦਿ ਨੇ ਹਿੱਸਾ ਲਿਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਵਾਹਨਾਂ ਨੂੰ ਰਿਫਲੈਕਟਰ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਉਬਰਾਏ ਦੁਬਈ ਦੀ ਯੋਗ ਅਗਵਾਈ ਹੇਠ, ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੇ ਦਿਸ਼ਾ ਅਨੁਸਾਰ ਮੁਕਤਸਰ ਰੋਡ ਬਠਿੰਡਾ ਵਿਖੇ ਧੁੰਦ ਦੇ ਮੰਦੇ ਨਜ਼ਰ ਵੱਡੀ ਗਿਣਤੀ ਵਿੱਚ ਵਾਹਨਾਂ ਨੂੰ ਰਿਫਲੈਕਟਰ ਲਗਾਏ ਗਏ ਮਾਨਯੋਗ ਐਸ.ਐਸ. ਪੀ. ਬਠਿੰਡਾ ਅਵਨੀਤ ਕੌਂਡਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬਠਿੰਡਾ ਜ਼ਿਲ੍ਹੇ ਦੇ ਹਰ ਇੱਕ ਥਾਣੇ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਬਠਿੰਡਾ ਇਕਾਈ ਨੂੰ ਸਹਿਯੋਗ ਕਰਨ ਲਈ ਕਿਹਾ ਗਿਆ ਸੀ। ਉਸ ਤਹਿਤ ਅੱਜ ਐਸ ਐਚ. ਓ ਥਾਣਾ ਸਦਰ ਸ੍ਰ. ਜਗਦੀਪ ਸਿੰਘ ਦੀ ਅਗਵਾਈ ਹੇਠ ਪਿੰਡ ਦਿਉਣ ਦੇ ਬੱਸ ਸਟੈਂਡ ਨਾਕਾ ਲਗਾਇਆ ਗਿਆ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵੱਲੋਂ ਗ੍ਰਾਮ ਪੰਚਾਇਤ ਦਿਉਣ ਦੇ ਸਹਿਯੋਗ ਨਾਲ ਵਾਹਨਾਂ ਨੂੰ ਰਿਫਲੈਕਟਰ ਲਗਾਏ ਗਏ। ਇਸ ਮੌਕੇ ਬਠਿੰਡਾ ਇਕਾਈ ਦੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਟਰੱਸਟ ਵੱਲੋਂ ਪਿੰਡ ਦਿਉਣ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸੰਨੀ ਉਬਰਾਏ ਕੁਲੈਕਸ਼ਨ ਸੈਂਟਰ ਦੀ ਸ਼ੁਰੂਆਤ ਕਰ ਦਿੱਤੀ ਜਾਵੇਗੀ ਅਤੇ ਜਲਦ ਹੀ ਪਿੰਡ ਦਿਉਣ ਵਿਖੇ ਸੰਨੀ



ਉਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਕੰਮ ਕਰਨਾ ਸ਼ੁਰੂ ਕਰ ਦੇਵੇਗਾ ਜਿੱਥੇ ਮਾਰਕੀਟ ਰੇਟਾਂ ਨਾਲੋਂ 50 ਤੋਂ 90 ਪ੍ਰਤੀਸ਼ਤ ਸਸਤੇ ਉੱਚ ਗੁਣਵੱਤਾ ਵਾਲੇ ਬਲੱਡ ਟੈਸਟ ਇਸ ਨਗਰ ਦੇ ਲੋਕਾਂ ਨੂੰ ਮੁਹੱਈਆ ਕਰਵਾਏ ਜਾਣਗੇ ਇੱਥੇ ਉਹ ਸਾਰੇ ਟੈਸਟ ਹੋਣਗੇ ਜੋ ਬਠਿੰਡਾ ਸ਼ਹਿਰ ਦੀਆਂ ਵੱਡੀਆਂ ਤੋਂ ਵੱਡੀਆਂ ਲੈਬੋਰੇਟਰੀਆਂ ਵਿੱਚ ਹੁੰਦੇ ਹਨ। ਡਾ. ਐਸ.ਪੀ. ਸਿੰਘ ਉਬਰਾਏ ਦਾ ਇਕ ਸੁਪਨਾ ਹੈ ਕਿ ਲੋੜਵੰਦ ਲੋਕਾਂ ਨੂੰ ਇਹ ਸਾਰੇ ਟੈਸਟ ਵਾਜਵ ਰੇਟਾਂ ਤੇ ਮੁਹੱਈਆ ਕਰਵਾਏ ਜਾਣ। ਸਰਬੱਤ ਦਾ ਭਲਾ ਟਰੱਸਟ ਵੱਲੋਂ ਹੁਣ ਤੱਕ ਲਗਪਗ 125 ਦੇ ਕਰੀਬ ਲੈਬੋਰੇਟਰੀਆਂ ਚਲਾਈਆ ਜਾ ਚੁੱਕੀਆਂ ਹਨ। ਜਿੱਥੇ ਅਰਬਾ ਵਰਗੀਆਂ ਉੱਚ ਗੁਣਵੱਤਾ ਵਾਲੀਆਂ ਕੰਪਨੀਆਂ ਦਾ ਰੇਜੈਂਟ ਵਰਤਿਆ ਜਾਂਦਾ ਹੈ ਅਤੇ ਸਟਾਫ ਦੀ ਯੋਗਤਾ DMLT ਜਾਂ B.Sc ਮੈਡੀਕਲ ਲੈਬ ਟੈਕਨੋਲਜੀ ਰੱਖੀ ਗਈ ਹੈ ਇਹ ਸਾਰੀਆਂ ਲੈਬੋਰੇਟਰੀਆਂ ਬਿਨ੍ਹਾਂ ਕਿਸੇ ਮੁਨਾਫੇ ਤੋਂ ਚਲਾਈਆਂ ਜਾਦੀਆਂ ਹਨ। ਇਹ ਸਾਰੀਆਂ ਲੈਬੋਰੇਟਰੀਆਂ ਡਾਂ. ਦਲਜੀਤ ਸਿੰਘ ਗਿੱਲ ਰਿਟਾਇਰਡ ਡਾਇਰੈਕਟਰ ਹੈਲਥ ਦੀ ਨਿਗਰਾਨੀ ਹੇਠ ਕੰਮ ਕਰਦੀਆਂ ਹਨ। ਇਸ ਮੌਕੇ ਬਠਿੰਡਾ ਇਕਾਈ ਦੇ ਮੈਂਬਰ ਗੁਰਪਿਆਰ ਸਿੰਘ, ਸ੍ਰ. ਜਸਪ੍ਰੀਤ ਸਿੰਘ, ਸਰਪੰਚ ਗੁਰ-ਦੇਵ ਸਿੰਘ ਦਿਉਣ, ਸਮੂਹ ਪੰਚ ਸਹਿਬਾਨ ਪਿੰਡ ਦਿਉਣ ਅਤੇ ਸਮੂਹ ਨਗਰ ਨਿਵਾਸੀ ਪਿੰਡ ਦਿਉਣ ਹਾਜ਼ਰ ਸਨ।

# ਪੰਜਾਬ ਸਰਕਾਰ ਦਾ ਸਰਕਾਰੀ ਸਕੂਲਾਂ ਨੂੰ ਨਵਾਂ ਨਾਦਰਸ਼ਾਹੀ ਫੁਰਮਾਨ

**(ਸਕੂਲ ਚ ਪੜ੍ਹਦੇ ਹਰ ਬੱਚੇ ਨੂੰ ਛੇ ਰੁ.ਵਿੱਚ ਕਾਲੇ ਚਣੇ-ਆਲੂ, ਪੂਰੀ/ਰੋਟੀ ਸਮੇਤ ਦੇਸੀ ਘਿਓ ਦਾ ਹਲਵਾ ਖੁਆਉਣ ਲਈ ਮਾਸਟਰਾਂ ਨੂੰ ਦਿੱਤਾ ਹੁਕਮ)**

**ਅਮਰਗੜ੍ਹ (ਕੁਲਵੰਤ ਸਿੰਘ ਮੁਹਾਲੀ)** ਅੱਤ ਦੀ ਮਹੀਂਗਾਈ ਕਾਰਨ ਹਰ ਚੀਜ਼ ਦੀਆਂ ਕੀਮਤਾਂ ਅਸਮਾਨ ਨੂੰ ਛੋਹ ਰਹੀਆਂ ਹਨ ਅਜਿਹੇ ਮੌਕੇ ਵਿੱਚ ਪਹਿਲਾਂ ਹੀ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਸਰਕਾਰੀ ਸਕੂਲਾਂ ਦੇ ਅਧਿਆਪਕ ਜੋ ਕਿ ਸਰਕਾਰ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਚ ਸ਼ੁਰੂ ਕੀਤੀ ਹੋਈ ਮਿਡ ਡੇ ਮੀਲ ਸਕੀਮ ਨੂੰ ਬੜੀ ਹੀ ਮੁਸ਼ਕਿਲ ਨਾਲ ਚਲਾ ਰਹੇ ਹਨ, ਹੋਣ ਪੰਜਾਬ ਸਰਕਾਰ ਵੱਲੋਂ ਤੇ ਨਵਾਂ ਨਾਦਰਸ਼ਾਹੀ ਹੁਕਮ ਜਾਰੀ ਕਰਕੇ ਹੋਰ ਬੋਝ ਪਾ ਦਿੱਤਾ ਗਿਆ ਹੈ, ਜਿਸ ਵਿੱਚ ਸਰਕਾਰ ਵੱਲੋਂ ਹੁਕਮ ਜਾਰੀ ਕੀਤਾ ਗਿਆ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਛੇ ਰੁਪਏ ਦੇ ਵਿੱਚ ਦੇਸੀ ਘਿਉ ਦਾ ਹਲਵਾ ਹਰ ਹਾਲਤ ਵਿੱਚ ਖਵਾਉਣਾ ਹੀ ਖਵਾਉਣਾ ਹੈ, ਸਰਕਾਰ ਵੱਲੋਂ ਜਾਰੀ ਕੀਤੇ ਗਏ ਇਸ ਨਵੇਂ ਹੁਕਮ ਨਾਲ ਸਰਕਾਰੀ ਸਕੂਲਾਂ ਚ ਪਹਿਲਾਂ ਹੀ ਮੁਸ਼ਕਿਲ ਨਾਲ ਮਿਡ ਡੇ ਮੀਲ ਚਲਾ ਰਹੇ ਅਧਿਆਪਕਾਂ ਵਿੱਚ ਹੜਕੰਪ ਮੱਚ ਗਿਆ ਹੈ।

ਇਸ ਸਬੰਧੀ ਕੁਝ ਅਧਿਆਪਕਾਂ ਵੱਲੋਂ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਮਿਡ ਡੇ ਮੀਲ ਵਿੱਚ ਸਰਕਾਰ ਵੱਲੋਂ ਪਹਿਲਾਂ ਹੀ ਅਧਿਆਪਕਾਂ ਉੱਪਰ ਪਹਿਲਾਂ ਹੀ ਵਾਧੂ ਵਜਨ ਪਾਇਆ ਗਿਆ ਹੈ ਕਿਉਂਕਿ ਸਰਕਾਰ ਵੱਲੋਂ ਇਸ ਸਕੀਮ ਨੂੰ ਚਲਾਉਣ ਲਈ ਪ੍ਰਤੀ ਬੱਚਾ ਦੇ ਹਿਸਾਬ ਨਾਲ 6 ਰੁਪਏ 19 ਪੈਸੇ ਸਕੂਲਾਂ ਨੂੰ ਜਾਰੀ ਕੀਤੇ ਜਾਂਦੇ ਹਨ ਇਸ ਦੇ ਬਦਲੇ ਵਿੱਚ ਸਰਕਾਰ ਵੱਲੋਂ ਜੋ ਮਿਡ ਡੇ ਮੀਲ ਲਈ ਮੀਨੂ ਚਾਰਟ ਜਾਰੀ ਕੀਤਾ ਗਿਆ ਹਫਤੇ ਦੇ ਹਰ ਸੋਮਵਾਰ ਨੂੰ ਦਾਲ-ਰੋਟੀ, ਮੰਗਲਵਾਰ ਨੂੰ ਰਾਜਮਾਹ ਚਾਵਲ ਅਤੇ ਖੀਰ, ਬੁੱਧਵਾਰ ਨੂੰ ਕਾਲੇ ਚਣੇ ਚਿੱਟੇ ਚਣੇ ਆਲੂ ਮਿਲਾ ਕੇ ਤੇ ਪੂਰੀ ਰੋਟੀ ਸਮੇਤ ਦੇਸੀ ਘਿਉ ਦਾ ਹਲਵਾ, ਵੀਰਵਾਰ ਨੂੰ (ਕੜੀ ਆਲੂ ਤੇ ਪਿਆਜ਼ ਦੇ ਪਕੌੜਿਆਂ) ਸਮੇਤ ਅਤੇ ਚਾਵਲ, ਸ਼ੁਕਰਵਾਰ ਨੂੰ ਮੌਸਮੀ ਸਬਜ਼ੀ ਅਤੇ ਰੋਟੀ ਸਮੇਤ ਸ਼ਨੀਵਾਰ ਨੂੰ ਮਾਂ ਛੋਲਿਆਂ ਦੀ ਦਾਲ ਅਤੇ ਚਾਵਲ ਅਤੇ ਕੀਨੂੰ ਦਾ ਫਲ ਦੇਣ ਦਾ ਹੁਕਮ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੈਨੂੰ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਹਰ ਹਫਤੇ ਬਾਦਲ ਕੇ ਦਾਲ ਬਣਾਈ ਜਾਵੇ ਭਾਵ ਕਿ ਇੱਕ ਹੀ ਦਾਲ ਰਿਪੀਟ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਪਿੰਡ ਦੇ ਸਰਪੰਚ ਦਾਨੀ ਸੱਜਣ ਜਾਂ ਹੋਰ ਪਤਵੰਤੇ ਸੱਜਣਾਂ ਦੇ ਸਹਿਯੋਗ ਨਾਲ ਕਿਸੇ ਵੀ ਵਿਸ਼ੇਸ਼ ਸਮਾਂ ਰੋਹ ਵਿਸ਼ੇਸ਼ ਦਿਨ ਜਾਂ ਤਿਹਾਰ ਤੇ ਕੋਈ ਸਪੈਸ਼ਲ ਭੋਜਨ ਫਲ ਜਾਂ ਕੋਈ ਹੋਰ ਮਿਠਿਆਈ ਆਦਿ ਵਿਦਿਆਰਥੀਆਂ ਨੂੰ ਦੁਪਹਿਰ ਦੇ ਭੋਜਨ ਨਾਲ ਦੇਣ ਸਬੰਧੀ ਉਪਰਾਲੇ ਕੀਤੇ ਜਾਣ। ਇਨਾਂ ਇਹਨਾਂ ਅਧਿਆਪਕਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਸਰਕਾਰ ਵੱਲੋਂ ਮਿਡ ਡੇ ਮੀਲ ਨੂੰ ਚਲਾਉਣ ਲਈ 6 ਰੁਪਏ 19 ਪੈਸੇ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਸਰਕਾਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਫੰਡ ਮਹੀਆ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਹਰ ਮਹੀਨੇ ਹਜ਼ਾਰਾਂ ਰੁਪਇਆ ਅਧਿਆਪਕਾਂ ਦਾ ਆਪਣੇ ਪੱਲਿਓਂ ਪੈ ਰਿਹਾ ਹੈ ਪਰ ਸਰਕਾਰ ਇਸ ਪਾਸੇ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਹੀ। ਉਹਨਾਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਡੜੇ ਮੀਲ ਵਧੀਆ ਢੰਗ ਨਾਲ ਖਵਾਉਣਾ ਚਾਹੁੰਦੀ ਹੈ ਤਾਂ ਉਹ 10 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਫੰਡ ਜਾਰੀ ਕਰੇ ਕਿਉਂਕਿ ਜਿਨਾਂ ਸਕੂਲਾਂ ਵਿੱਚ ਬੱਚੇ ਜਿਆਦਾ ਘੱਟ ਹਨ ਉਹਨਾਂ ਵਿੱਚ ਤਾਂ ਇਹ ਸਮੱਸਿਆ ਬਹੁਤ ਜ਼ਿਆਦਾ ਆ ਰਹੀ ਕਿਉਂਕਿ ਘੱਟ ਪੈਸਿਆਂ ਨਾਲ ਇੰਨੀਆਂ ਵਰਾਇਟੀਆਂ ਨਹੀਂ ਬਣਾਈਆਂ ਜਾ ਸਕਦੀਆਂ। ਉਹਨਾਂ ਕਿਹਾ ਕਿ ਅਜਿਹੇ ਮਾਹੌਲ ਵਿੱਚ ਸਰਕਾਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦਾ ਆਰਥਿਕ ਸ਼ੋਸ਼ਣ ਕਰ ਰਹੀ ਹੈ।

## ਸਰੀਰ ਨੂੰ ਚੀਰਦੀ ਐਨੀ ਜਿਆਦਾ ਪੈ ਰਹੀਂ ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ਤੋ ਬਚਣ ਦੀ ਜਰੂਰਤ ਹੈ : ਅਵਤਾਰ ਭੀਖੋਵਾਲ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪਿਛਲੇ ਕਾਫੀ ਦਿਨਾਂ ਤੋ ਠੰਡ, ਧੁੰਦ ਅਤੇ ਠੰਡੀਆਂ ਹਵਾਵਾਂ ' ਬਹੁਤ ਹੀਂ ਤੇਜੀ ਨਾਲ ਚੱਲ ਰਹੀਆਂ ਹਨ ਜਿਸ ਕਰਕੇ ਠੰਡ ਨੇ ਹੁਣ ਪੂਰਾ ਜੋਰ ਫੜਿਆ ਹੋਇਆ ਹੈ ! ਇਸ ਸਬੰਧੀ ਹਰਿਆਣਾ ਰੋਡ ਦੇ ਪੈਦੇ ਪਿੰਡ ਭੀਖੋਵਾਲ ਦੇ ਗੁਰਦੁਆਰਾ ਗੁਰੂ ਨਾਨਕ ਚਰਨ ਸਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅਵਤਾਰ ਸਿੰਘ ਭੇਖੋਵਾਲ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਠੰਡ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ ਤਾਂ ਜੋ ਕਿਸੇ ਵੀ ਅਣਸੁਖਾਵੇ ਹਾਲਤ ਤੋਂ ਬਚਿਆ ਜਾ ਸਕੇ। ਉਹਨਾ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋਕਾਂ ਨੂੰ ਲੋੜੀਂਦੇ ਪ੍ਰਬੰਧ ਯਕੀਨੀ ਬਣਾ ਲੈਣੇ ਚਾਹੀਦੇ ਹਨ ਤਾ ਕਿ ਇਕਦਮ ਵੱਧ ਰਹੀ ਠੰਡ ਤੋ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ



ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਨਾਲ ਦੇ ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਵੀ ਤਰਜ਼ੀਹ ਦੇਣ।ਉਹਨਾ ਕਿਹਾ ਕਿ ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ ਅਤੇ ਆਪਣੇ ਘਰਾਂ ਆਦਿ ਵਿਚ ਵੀ ਠੰਡੀਆਂ ਹਵਾਵਾਂ ਤੋਂ ਬਚਾਅ ਲਈ ਮੋਟੇ ਕੱਪੜਿਆ ਦਾ ਇੰਤਜਾਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵੱਧ ਰਹੀ ਠੰਡ ਦੇ ਕਾਰਨ ਕੋਈ ਵੀ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਤੌਰ ਤੇ ਡਾ ਦੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੇ ਮੌਸਮ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖਣ ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬਾਇਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ।

# ਏਕ ਨੂਰ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਪਿੰਡ ਬਖੋਪੀਰ ਦੇ ਗੁਰੂ ਘਰ ਵਿਖੇ ਮਨਾਇਆ ਗਿਆ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ





**(ਸਮਾਜ ਵੀਕਲੀ)** ਬੀਤੇ ਦਿਨ ਪਿੰਡ ਬਖੋਪੀਰਰ ਵਿਖੇ ਏਕ ਨੂਰ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਸਾਂਝੇ ਤੌਰ ਤੇ ਪਿੰਡ ਦੇ ਗੁਰੂ ਘਰ ਵਿਖੇ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ ਗੁਰੂ ਘਰ ਵਿਖੇ ਨਿਤਨੇਮ ਉਪਰੰਤ ਸੁਖਮਨੀ ਸਾਹਿਬ ਦਾ ਪਾਠ ਕਰਕੇ ਭਾਈ ਸਾਹਿਬ ਦਰਸ਼ਨ ਸਿੰਘ ਭਾਈ ਸਾਹਿਬ ਹਰਭਜਨ ਸਿੰਘ ਜੀ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਜੀ ਦੇ ਜੀਵਨ ਤੋਂ ਜਾਣੂ ਕਰਵਾਇਆ ਗਿਆ । ਪਿੰਡ ਦੇ ਪੰਜਾਬੀ ਅਧਿਆਪਕ ਸੰਦੀਪ ਸਿੰਘ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਜੀਵਨ ਅਤੇ ਖਾਲਸਾ ਪੰਥ ਦੀ ਸਿਰਜਣਾ



ਸਬੰਧੀ ਵਿਚਾਰਾਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਗਿਆ ਫਿਰ ਪਿੰਡ ਦੀ ਨਵੀਂ ਬਣੀ ਪੰਚਾਇਤ ਜਗਤਾਰ ਸਿੰਘ ਸਰਪੰਚ, ਸਾਬਕਾ ਸਰਪੰਚ ਕੁਲਵੰਤ ਸਿੰਘ ਗੁਰਦੀਪ ਸਿੰਘ ਸੋਨੀ ਪੰਚ ਹਰਜਿੰਦਰ ਸਿੰਘ ਪੰਚ



ਕੁਲਜੀਤ ਸਿੰਘ, ਜਤਿੰਦਰ ਸਿੰਘ, ਨਵਦੀਪ ਸਿੰਘ ਪਾਠੀ ਸਿੰਘ, ਬਹਾਦਰ ਸਿੰਘ, ਸੁਰਿੰਦਰ ਸਿੰਘ ਦਾ ਗੁਰੂ ਕੀ ਹਾਜ਼ਰੀ ਵਿੱਚ ਸਨਮਾਨ ਕੀਤਾ ਗਿਆ, ਇਸ ਉਪਰੰਤ ਸਾਰੀਆਂ ਸੰਗਤਾਂ ਨੇ ਗੁਰੂ ਘਰ ਵਿਖੇ ਤਿਆਰ ਕੀਤੇ ਕੜਾਹ ਪ੍ਰਸ਼ਾਦ ਦੀ ਦੇਗ ਲੈਣ ਉਪਰੰਤ ਗੁਰੂ ਕਾ ਲੰਗਰ ਛਕਿਆ ਅਤੇ ਸਾਰੀਆਂ ਸੰਗਤਾਂ ਨੇ ਇੱਕ ਦੂਜੀਆਂ ਸੰਗਤਾਂ ਨੂੰ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀਆਂ ਢੇਰੋਂ ਸੁਭਮਨਾਵਾਂ ਭੇਟ ਕੀਤੀ। ਗਏ। ਮੌਕੇ ਉੱਤੇ ਲਖਪ੍ਰੀਤ ਸਿੰਘ, ਜਗਵਿੰਦਰ ਸਿੰਘ, ਪੁਸ਼ਵਿੰਦਰ ਸਿੰਘ, ਸ਼ੇਰ ਸਿੰਘ, ਕੁਲਵਿੰਦਰ ਸਿੰਘ,ਜਗਮੇਲ ਸਿੰਘ, ਅਮਰਦੀਪ ਸਿੰਘ,ਗੁਰਦੀਪ ਸਿੰਘ, ਗੁਰਜੰਟ ਸਿੰਘ,ਬਾਬਾ ਘੋਲਾ ਸਿੰਘ,ਭਰਭੂਰ ਸਿੰਘ, ਸੂਬੇਦਾਰ ਸੁਰਜੀਤ ਸਿੰਘ ਆਦਿ ਮੌਜੂਦ ਸਨ। ਏਕ ਨੂਰ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਪਿੰਡ ਬਖੋਪੀਰ ਦੇ ਗੁਰੂ ਘਰ ਵਿਖੇ ਮਨਾਇਆ ਗਿਆ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ।

# ਰਾਣਾ ਹਾਕੀ ਅਕੈਡਮੀ ਅਤੇ ਮਾਜਰਾ ਦੀ ਟੀਮ ਨੇ ਟੂਰਨਾਮੈਂਟ ਦੀ ਟਰਾਫੀ ਅਤੇ ਨਕਦ ਇਨਾਮ ਜਿੱਤਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰਾਣਾ ਹਾਕੀ ਅਕੈਡਮੀ ਹੁਸ਼ਿਆਰਪੁਰ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 3 ਰੋਜ਼ਾ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਵਿੱਚ ਪੰਜਾਬ, ਹਿਮਾ-ਚਲ, ਦਿੱਲੀ ਅਤੇ ਹਰਿਆਣਾ ਦੀਆਂ ਟੀਮਾਂ ਨੇ ਭਾਗ ਲਿਆ। ਚੇਅਰਮੈਨ ਰਣਜੀਤ ਸਿੰਘ ਰਾਣਾ ਨੇ ਦੱਸਿਆ ਕਿ ਟੂਰਨਾਮੈਂਟ ਦੇ ਫਾਈਨਲ ਮੈਚ ਬਹੁਤ ਹੀ ਦਿਲਚਸਪ ਰਹੇ। ਇਸ ਦੌਰਾਨ ਲੜਕੀਆਂ ਦੇ ਮੈਚ ਵਿੱਚ ਮਾਜਰਾ ਹੋਸਟਲ ਹਾਕੀ ਟੀਮ ਸੋਲਨ ਨੇ ਰਾਣਾ ਹਾਕੀ ਟੀਮ ਨੂੰ 2-0 ਨਾਲ ਹਰਾ ਕੇ ਟਰਾਫੀ 'ਤੇ ਕਬਜ਼ਾ ਕੀਤਾ, ਜਦਕਿ ਲੜਕਿਆਂ ਦੇ ਮੈਚ ਵਿੱਚ ਰਾਣਾ ਹਾਕੀ ਅਕੈਡਮੀ ਦੀ ਟੀਮ ਨੇ ਬਟਾਲਾ ਦੀ ਟੀਮ ਨੂੰ 6-0 ਨਾਲ ਹਰਾ ਕੇ ਟੂਰਨਾਮੈਂਟ 'ਤੇ ਕਬਜ਼ਾ ਕੀਤਾ। ਇਸ ਦੌਰਾਨ ਖੇਡ ਮੈਦਾਨ ਵਿੱਚ ਹਾਜ਼ਰ ਦਰਸ਼ਕਾਂ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਵਿਧਾਇਕ ਬ੍ਰਹਮਸ਼ੰਕਰ ਜਿੰਪਾ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਟਰਾਫੀਆਂ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਅਤੇ ਆਪਣੇ ਕੋਚ ਸਾਹਿਬਾਨ ਅਤੇ ਸ਼ਹਿਰ ਦਾ ਨਾਮ ਰੌਸ਼ਨ ਕਰਨ ਲਈ ਇਸੇ ਹੌਂਸਲੇ ਅਤੇ ਜੋਸ਼ ਨਾਲ ਖੇਡਣ ਲਈ ਪ੍ਰੇਰਿਤ ਕੀਤਾ ਅਤੇ ਜ਼ਿਲ੍ਹਾ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਹੁਸ਼ਿਆਰਪੁਰ ਇੱਕ ਵਾਰ



ਫਿਰ ਹਾਕੀ ਦੀ ਦੁਨੀਆ ਵਿੱਚ ਚਰਚਾ ਵਿੱਚ ਹੈ ਅਤੇ ਵੱਖ-ਵੱਖ ਅਕੈਡਮੀਆਂ ਵਿੱਚ ਆਪਣੇ ਖਿਡਾਰੀਆਂ ਦੀ ਚੋਣ ਨਾਲ ਹਾਕੀ ਦਾ ਭਵਿੱਖ ਬਹੁਤ ਉੱਜਵਲ ਨਜ਼ਰ ਆ ਰਿਹਾ ਹੈ। ਸ੍ਰੀ ਜ਼ਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੇ ਹਨ ਅਤੇ ਇਸ ਦੇ ਸਾਕਾਰਾਤਮਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਇਸ ਦੌਰਾਨ ਉਨ੍ਹਾਂ ਅਕੈਡਮੀ ਨੂੰ ਇਸ ਸਮਾਗਮ ਲਈ ਵਿੱਤੀ ਸਹਾਇਤਾ ਦਾ ਚੈੱਕ ਵੀ ਭੇਟ ਕੀਤਾ। ਇਸ ਮੌਕੇ 'ਨਈ ਸੋਚ' ਦੇ ਸੰਸਥਾਪਕ ਪ੍ਰਧਾਨ ਅਸ਼ਵਨੀ ਗੈਂਦ ਨੇ ਇਸ ਸਮਾਗਮ ਲਈ ਅਕੈਡਮੀ ਨੂੰ ਵਿਸ਼ੇਸ਼ ਸਹਿਯੋਗ ਦਿੰਦੇ ਹੋਏ ਟੂਰਨਾਮੈਂਟ ਦੇ ਸਫ਼ਲ ਆਯੋਜਨ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ 'ਚ ਹੋਰ ਵੱਡੇ ਪੱਧਰ 'ਤੇ ਟੂਰਨਾਮੈਂਟ ਕਰਵਾਉਣ ਦੀ ਗੱਲ ਕਹੀ ।ਇਸ ਮੌਕੇ ਮੇਅਰ ਸੁਰਿੰਦਰ, ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਹੁੰਦਲ, ਬਾਬਾ ਰਾਮ ਮੂਰਤੀ, ਚੰਦਰ ਪ੍ਰਕਾਸ਼, ਕਰਮਜੀਤ ਕੌਰ, ਮਨਪ੍ਰੀਤ ਕੌਰ, ਗੁਰਸ਼ਰਨ ਕੌਰ, ਕੋਚ ਯੁੱਧਵੀਰ ਸਿੰਘ ਜੋਨੀ, ਜੇ.ਐਸ ਢਿੱਲੋਂ, ਪ੍ਰੇਮ ਸ਼ਰਮਾ ਭੀਮ ਸਵੀਟਸ, ਕੁਨਾਲ ਖੋਸਲਾ, ਵਿਕਰਮ ਸ਼ਰਮਾ ਵੀਰ, ਗੁਰਜਿੰਦਰ ਸਿੰਘ. ਲਾਡੀ, ਅਵਤਾਰ ਸਿੰਘ, ਦਰਸ਼ਨ ਸਿੰਘ ਮਿਨਹਾਸ, ਸੰਦੀਪ ਸ਼ਰਮਾ, ਧਰਮਵੀਰ ਗੋਲੂ, ਗੁਰਪ੍ਰੀਤ ਗੋਪੀ, ਚਮਨ ਬਾਂਸਲ, ਨਈਮ, ਦਰਸ਼ਨ ਸਿੰਘ, ਅਜੇ ਕਟਾਰੀਆ, ਰਾਜੀਵ ਬਾਲੀ, ਸੰਦੀਪ ਕੁਮਾਰ, ਡਿੰਪਲ ਰਾਜਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਅੱਜ ਸਵੇਰੇ ਹੀ ਅੰਬੇਡਕਰੀਦੀਪ ਮੈਗਜ਼ੀਨ ਦੇ ਸੰਪਾਦਕ ਸ ਦਰਸ਼ਨ ਸਿੰਘ ਬਾਜਵਾ ਨਾਲ ਮੁਲਾਕਾਤ ਹੋਈ





**ਸੰਗਰੂਰ (ਚਰਨਜੀਤ ਸੱਲ੍ਹਾ )**ਅੱਜ ਸਵੇਰੇ ਮੁਲਾਕਾਤ ਲਈ ਅੰਬੇਡਕਰੀਦੀਪ ਮੈਗਜ਼ੀਨ ਦੇ ਸੰਪਾਦਕ ਸ ਦਰਸ਼ਨ ਸਿੰਘ ਬਾਜਵਾ ਜੀ ਦੇ ਘਰ ਜਾਣਾ ਹੋਇਆ। ਉਥੇ ਬਹੁਜਨ ਸਮਾਜ ਪਾਰਟੀ ਲੋਕ ਸਭਾ ਇੰਚਾਰਜ ਮਾਂ ਅਮਰਜੀਤ ਸਿੰਘ ਜੀ ਝਲੂਰ ਤੇ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਸਰਬਜੀਤ ਸਿੰਘ ਖੇੜੀ ਜੀ ਐਸਕੋਲ ਕੰਪਿਊਟਰ ਸੈਂਟਰ ਦੇ ਮਾਲਕ ਗੁਰਦੀਪ ਸਿੰਘ ਖੇੜੀ ਵੀ ਮੌਜੂਦ ਸਨ। ਕਾਫੀ ਸਮਾਂ ਵੀਚਾਰ ਚਰਚਾ ਹੋਈ। ਪਾਰਟੀ ਨੂੰ ਮਜ਼ਬੂਤ ਕਰਨ ਲਈ ਮੀਟਿੰਗ ਦੇ ਦੌਰ ਨੂੰ ਚਲਾਉਣ ਲਈ ਦਰਸ਼ਨ ਸਿੰਘ ਬਾਜਵਾ ਜੀ ਦੇ ਵੱਲੋਂ ਲਿਖੀਆਂ ਕਿਤਾਬਾਂ ਭਾਰਤੀ ਸੰਵਿਧਾਨ ਦਾ ਸਾਰ ਤੇ ਭਗਮੇ ਬ੍ਰਿਗੇਡ ਦਾ ਇਤਿਹਾਸ ਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਦੇ ਆਧਾਰ ਤੇ ਕਿਤਾਬਾਂ ਪ੍ਰਾਪਤ ਕੀਤੀਆਂ। ਬਾਜਵਾ ਸਾਹਿਬ ਵੱਲੋਂ ਬੜਾਂ ਮਾਣ ਸਤਿਕਾਰ ਦਿੱਤਾ ਗਿਆ। ਜਿਸਦਾ ਮੈਂ ਹਮੇਸ਼ਾ ਰਿਣੀ ਰਹਾਂਗਾ। ਭੈਣ ਬਰਖਾ ਦੁੱਗਲ ਜਰਮਨ ਵੱਲੋਂ ਭੇਜੀ ਅੰਬੇਡਕਰੀਦੀਪ ਦੇ ਲਈ ਸਹਾਇਤਾ ਵੀ ਬਾਜਵਾ ਸਾਹਿਬ ਨੂੰ ਭੇਟ ਕੀਤੀ ਗਈ।

# ਨੇਤਰਹੀਣ ਬੱਚਿਆਂ ਨੂੰ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਨੇ ਵੰਡੇ ਕੰਬਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਵਿਚ ਵਿਸ਼ੇਸ਼ ਬੱਚਿਆਂ, ਹੜ੍ਹ ਪ੍ਰਭਾਵਿਤ, ਜ਼ਰੂਰਤਮੰਦ ਔਰਤਾਂ ਅਤੇ ਬੇਸਹਾਰਾ ਲੋਕਾਂ ਲਈ ਇਕ ਮਸੀਹਾ ਦੇ ਰੂਪ ਵਿਚ ਕੰਮ ਕਰ ਰਹੀ ਹੈ।ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ 108 ਸੰਤ ਨਰਾਇਣ ਦਾਸ ਜੀ ਬਲਾਇੰਡ ਸਕੂਲ, ਬਾਹੋਵਾਲ (ਮਾਹਿਲਪੁਰ), ਹੁਸ਼ਿਆਰਪੁਰ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ 35 ਨੇਤਰਹੀਣ ਬੱਚਿਆਂ ਨੂੰ ਠੰਡ ਦੇ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਗਰਮ ਕੰਬਲ ਵੰਡੇ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਅਤੇ ਰੈਡ ਕਰਾਸ ਸੁਸਾਇਟੀ ਦੀ ਪ੍ਰਧਾਨ ਕੋਮਲ ਮਿੱਤਲ ਨੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਦੇ ਉਜਵੱਲ ਭਵਿੱਖ ਦੀ




ਕਾਮਨਾ ਕੀਤੀ। ਡਿਪਟੀ ਕਮਿਸ਼ਨਰ ਨੇ ਰੈਡ ਕਰਾਸ ਸੁਸਾਇਟੀ ਦੇ ਇਨ੍ਹਾਂ ਉਪਰਾਲਿਆਂ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗਾਂ ਦੀ ਮਦਦ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਸਮਾਜ ਦੇ ਹੋਰ ਲੋਕਾਂ ਨੂੰ ਵੀ ਇਸ ਤਰ੍ਹਾਂ ਦੇ ਨੇਕ ਕੰਮਾਂ ਵਿਚ ਯੋਗਦਾਨ ਦੇਣ ਦੀ ਅਪੀਲ ਕੀਤੀ। ਸਕੱਤਰ ਰੈਡ ਕਰਾਸ ਸੁਸਾਇਟੀ ਨੇ ਦੱਸਿਆ ਕਿ ਬਾਹੋਵਾਲ (ਮਾਹਿਲਪੁਰ) ਸਥਿਤ ਇਸ ਸਕੂਲ ਨੂੰ ਰੈਡ ਕਰਾਸ ਸੁਸਾਇਟੀ ਵਲੋਂ ਪਿਛਲੇ ਸਮੇਂ ਵਿਚ ਵੀ ਸਹਿਯੋਗ ਪ੍ਰਦਾਨ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਕੂਲ ਨੂੰ ਡਿਸਪੋਜ਼ਲ ਗਲਾਸ ਅਤੇ ਪਲੇਟ ਬਣਾਉਣ ਦੀ ਮਸ਼ੀਨ ਦਿੱਤੀ ਗਈ ਸੀ ਤਾਂ ਜੋ ਨੇਤਰਹੀਣ ਬੱਚਿਆਂ ਨੂੰ ਰੋਜ਼ਗਾਰ ਦਾ ਮੌਕਾ ਮਿਲ ਸਕੇ। ਹੁਣ ਠੰਡ ਦੇ ਮੌਸਮ ਵਿਚ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਦੇਖਦੇ ਹੋਏ ਕੰਬਲ ਵੰਡੇ ਗਏ ਹਨ। ਪ੍ਰੋਗਰਾਮ ਦੌਰਾਨ ਦੱਸਿਆ ਗਿਆ ਕਿ ਸਕੂਲ ਵਿਚ ਪੰਜਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਵੱਖ-ਵੱਖ ਜ਼ਿਲ੍ਹਿਆਂ ਦੇ ਨੇਤਰਹੀਣ ਬੱਚੇ ਹਿੱਸਾ ਲੈ ਰਹੇ ਹਨ। ਇਹ ਟੂਰਨਾਮੈਂਟ ਬੱਚਿਆਂ ਨੂੰ ਆਤਮਵਿਸ਼ਵਾਸ ਅਤੇ ਖੇਡ ਹੁਨਰ ਨੂੰ ਬੜ੍ਹਾਵਾ ਦੇਣ ਦੇ ਉਦੇਸ਼ ਨਾਲ ਕਰਵਾਇਆ ਜਾ ਰਿਹਾ ਹੈ।

# ਰਾਸ਼ਟਰੀ ਸੁਰੱਖਿਆ ਮਹੀਨਾ ਤਹਿਤ ਸੜਕ ਸੁਰੱਖਿਆ ਮੁਹਿੰਮ, 14 ਵਾਹਨਾਂ ਦੇ ਕੀਤੇ ਗਏ ਚਾਲਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰਾਸ਼ਟਰੀ ਸੁਰੱਖਿਆ ਮਹੀਨਾ-2025 ਤਹਿਤ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ ਅਨੁਸਾਰ ਅੱਜ ਰੀਜ਼ਨਲ ਟਰਾਂਸਪੋਰਟ ਅਫ਼ਸਰ ਰਵਿੰਦਰ ਸਿੰਘ ਗਿੱਲ ਦੀ ਅਗਵਾਈ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਸੜਕ ਸੁਰੱਖਿਆ ਮੁਹਿੰਮ ਚਲਾਈ ਗਈ। ਮੁਹਿੰਮ ਤਹਿਤ ਵੱਖ-ਵੱਖ ਥਾਵਾਂ ’ਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ 14 ਚਾਲਾਨ ਕੀਤੇ ਗਏ। ਮੁਹਿੰਮ ਦੌਰਾਨ ਵਿਸ਼ੇਸ਼ ਰੂਪ ਵਿਚ ਟਰੈਕਟਰ-ਟਰਾਲੀਆਂ, ਟਰੱਕਾਂ ਅਤੇ ਹੋਰ ਭਾਰੀ ਵਾਹਨਾਂ ਪਿੱਛੇ ਰਿਫਲੈਕਟਰ ਟੇਪ ਲਗਾਈ ਗਈ। ਵਾਹਨ ਚਾਲਕਾਂ ਨੂੰ ਵਿਸ਼ੇਸ਼ ਕਰਕੇ ਧੁੰਦ ਵਾਲੇ ਮੌਸਮ ਵਿਚ ਹੋਲੀ ਗਤੀ ਨਾਲ ਵਾਹਨ ਚਲਾਉਣ ਅਤੇ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ। ਨਾਲ ਹੀ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਜ਼ਰੂਰੀ ਸੁਰੱਖਿਆ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਰੀਜਨਲ ਟਰਾਂਸਪੋਰਟ ਅਫ਼ਸਰ



ਰਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਮਹੀਨਾ ਤਹਿਤ ਸਾਡਾ ਉਦੇਸ਼ ਸੜਕ ’ਤੇ ਸੁਰੱਖਿਆ ਦੇ ਮਹੱਤਵ ਨੂੰ ਕੇਂਦਰਿਤ ਕਰਨਾ ਅਤੇ ਲੋਕਾਂ ਨੂੰ ਆਵਾਜਾਈ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਹੈ। ਆਵਾਜਾਈ ਨਿਯਮਾਂ ਦੀ ਪਾਲਣਾ ਨਾ ਕੇਵਲ ਚਾਲਕਾਂ ਦੀ ਸੁਰੱਖਿਆ ਯਕੀਨੀ ਬਣਾਉਂਦਾ ਹੈ ਬਲਕਿ ਹੋਰ ਰਾਹੀਗਰਾਂ ਦੀ ਜਾਨ-ਮਾਲ ਦੀ ਸੁਰੱਖਿਆ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਮੁਹਿੰਮ ਦੌਰਾਨ ਡਰਾਈਵਰਾਂ ਨੂੰ ਸਮਝਾਇਆ ਗਿਆ ਕਿ ਧੁੰਦ ਦੇ ਮੌਸਮ ਵਿਚ ਵਾਹਨ ਚਲਾਉਂਦੇ ਸਮੇਂ ਵਿਸ਼ੇਸ਼ ਸਾਵਧਾਨੀ ਵਰਤਣ ਅਤੇ ਯਕੀਨੀ ਬਣਾਉਣ ਕਿ ਵਾਹਨਾਂ ਦੀਆਂ ਲਾਈਟਾਂ ਅਤੇ ਰਿਫਲੈਕਟਰ ਸਹੀ ਢੰਗ ਨਾਲ ਕੰਮ ਕਰ ਰਹੇ ਹੋਣ। ਦੁਰਘਟਨਾਵਾਂ ਨੂੰ ਰੋਕਣ ਅਤੇ ਆਵਾਜਾਈ ਨਿਯਮਾਂ ਦੀ ਪਾਲਣਾ ਕਰਾਉਣ ਲਈ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਸੜਕ ’ਤੇ ਚੱਲਣ ਸਮੇਂ ਸਾਵਧਾਨ ਰਹਿਣ ਅਤੇ ਆਵਾਜਾਈ ਨਿਯਮਾਂ ਦੀ ਸਖਤੀ ਨਾਲ ਪਾਲਣ ਕਰਨ। ਇਹ ਮੁਹਿੰਮ ਜ਼ਿਲ੍ਹੇ ਵਿਚ ਸੜਕ ਦੁਰਘਟਨਾਵਾਂ ਨੂੰ ਘੱਟ ਕਰਨ ਅਤੇ ਆਵਾਜਾਈ ਵਿਵਸਥਾ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿਚ ਇਕ ਅਹਿਮ ਕਦਮ ਹੈ।

# ਸਾਹਿਤ ਸਮਾਜ

07/01/2025

## ਮੇਰਾ ਘੁਮਿਆਰਾ (ਭਾਗ 2)



ਪਿੰਡ ਘੁਮਿਆਰੇ ਰਹਿੰਦੇ ਅਸੀਂ ਆਪਣੇ ਸਾਥੀਆਂ ਨੂੰ ਬੇਲੀ ਆਖਦੇ ਜਾਂ ਆੜੀ। ਪੁਰਾਣੇ ਬੰਦੇ ਇਸ ਲਈ ਪਾਗੀ ਸ਼ਬਦ ਵੀ ਵਰਤਦੇ। ਦੋਸਤ ਅਤੇ ਫਰੈਂਡ ਵਰਗੇ ਲਫ਼ਜ਼ ਸਿਰਫ ਲਿਖਾਈ ਪੜ੍ਹਾਈ ਚ ਹੀ ਆਉਂਦੇ। ਸਕੂਲ ਦੀ ਪੜ੍ਹਾਈ ਦੌਰਾਨ ਮੇਰੇ ਸਹਿਪਾਠੀਆਂ ਵਿੱਚ ਕਰਤਾਰ ਮਾਸਟਰ ਕ਼ਾ ਬਲਦੇਵ ਕੱਛੂ, ਗੁਰਮੀਤ ਜੋ ਬਾਦ ਵਿਚ ਨਹਿਰੀ ਪਟਵਾਰੀ ਬਣਿਆ। ਲਾਭ ਸਿੰਘ ਜੋ ਭੀਸੀਆਣਾ ਹਵਾਈ ਅੱਡੇ ਦੇ ਕਮਾਂਡਰ ਦਾ ਪੀਏ ਬਣਿਆ, ਸ਼ਿੰਦਰ ਸਿੰਘ ਜੋ ਪੰਚਾਇਤ ਸੈਕਟਰੀ ਸੀ ਤੇ ਹੁਣ ਪੂਰਾ ਗੁਰਸਿਖ ਹੈ ਅੰਮ੍ਰਿਤਧਾਰੀ ਹੈ। ਲੋਕ ਉਸਨੂੰ ਜਥੇਦਾਰ ਆਖਦੇ ਹਨ। ਇਹੁਨਾਂ ਤੋਂ ਇਲਾਵਾ ਗਾਂਧੀ, ਬੰਤ, ਲਛਮਣ, ਅਜਮੇਰ, ਹਰਮੰਦਰ ਫੌਜੀ, ਬਲਤੇਜ ਪੁਲਸੀਆਂ ਸੁਖਪਾਲ ਵਾਇਰਲੈੱਸ ਅਪਰੇਟਰ ਵੀ ਮੇਰੇ ਨਾਲ ਪੜ੍ਹੇ ਤੇ ਮੇਰੇ ਬੇਲੀ ਸਨ ਜੋ ਕਿਤੇ ਨਾ ਕਿਤੇ ਅਟਕ ਗਏ। ਬਹੁਤ ਵਧੀਆ ਸਿੱਧੇ ਸਾਦੇ ਬੰਦੇ ਘਰੋਂ ਗਰੀਬ ਪਰ ਮਿਹਨਤੀ ਤੇ ਇਮਾਨਦਾਰ। ਮੇਰੇ ਨਾਲ ਸ਼ੁਰੂ ਤੋਂ ਜੀਤ ਪੜ੍ਹਦਾ ਹੁੰਦਾ ਸੀ ਪੂਰਾ ਨਾਮ ਜੀਤ ਸਿੰਘ ਸੀ ਪਰ ਸਾਰੀ ਉਮਰ ਉਹ ਹਰੇਕ ਲਈ ਜੀਤ ਹੀ ਰਿਹਾ। ਨਾ ਕਿਸੇ ਜੀਤ ਸਿੰਘ ਆਖਿਆ ਨਾ ਜੀਤਾ। ਪੜ੍ਹਾਈ ਵਿੱਚ ਪੂਰਾ ਹੁਸ਼ਿਆਰ ਸੀ। ਉਸ ਦੇ ਬਾਪ ਦਾ ਨਾਮ ਬਲਬੀਰ ਸਿੰਘ ਸੀ ਸਾਰੇ ਉਸਨੂੰ ਬਾਈ ਬਲਬੀਰਾ ਹੀ ਆਖਦੇ ਸਨ। ਉਹ ਸਾਡੇ ਹੀ ਸਕੂਲ ਮੂਹਰੇ ਬਰਫ ਦੇ ਗੋਲੇ,ਖੋਏ ਮਲਾਈ, ਕੁਲਫੀ, ਅਮਰੂਦ ਟਮਾਟਰ ਲਾਲ ਬੇਰ ਵੇਚਦਾ ਸੀ।

ਜੀਤ ਪੜ੍ਹਾਈ ਵਿੱਚ ਤਾਂ ਹੁਸ਼ਿਆਰ ਸੀ ਹੀ ਉਸਦੀ ਲਿਖਾਵਟ ਵੀ ਬਹੁਤ ਵਧੀਆ ਸੀ। ਉਸ ਸਮੇਂ ਉਸਦੀ ਮਾਲੀ ਹਾਲਤ ਸਾਡੇ ਸਭ ਨਾਲੋਂ ਮਾੜੀ ਹੋਣ ਦੇ ਬਾਵਜੂਦ ਵੀ ਉਹ ਹਰ ਵਾਰੀ ਫਸਟ ਆਉਂਦਾ। ਕਈ ਸਾਲ ਉਹ ਸਾਡੀ ਜਮਾਤ ਦਾ ਮਨੀਟਰ ਵੀ ਰਿਹਾ। ਉਸ ਦੀ ਆਵਾਜ਼ ਬਹੁਤ ਸੁਰੀਲੀ ਸੀ। ਸ਼ਨੀਵਾਰ ਦੀ ਬਾਲ ਸਭਾ ਵਿੱਚ ਉਹ ਪੱਕਾ ਹੀ ਗਾਉਂਦਾ ਸੀ। ਦਸਵੀਂ ਵਿੱਚ ਚੰਗੇ ਨੰਬਰ ਆਉਣ ਦੇ ਬਾਵਜੂਦ ਉਹ ਆਪਣੇ ਬਾਪ ਵਾਲਾ ਕੰਮ ਹੀ ਕਰਦਾ ਰਿਹਾ ਤੇ ਅੱਜ ਉਹ ਇੱਕ ਸਫਲ ਦੁਕ-ਾਨਦਾਰ ਹੈ। ਇੱਕ ਹਰਿਮੰਦਰ ਵੀ ਸੀ ਜੋ ਪੰਚਾਇਤ ਸੈਕਟਰੀ ਸੇਵਾਮੁਕਤ ਹੋਇਆ। ਉਂਜ ਕਰਤਾਰ ਮੌਂਗਾ ਤੇ ਰਾਜ ਵੀ ਮੇਰੇ ਬੇਲੀ ਹੀ ਸਨ ਰਾਜ ਦਾ ਪੂਰਾ ਨਾਮ ਰਜਿੰਦਰ ਸਿੰਘ ਸੀ ਜੋ ਪ੍ਰਿੰਸੀਪਲ ਵੀ ਰਿਹਾ ਹੈ। ਮੇਰੇ ਨਾਲ ਲੋਹਾਰੇ ਵਾਲਾ ਬਲਦੇਵ ਵੀ ਪੜ੍ਹਦਾ ਹੁੰਦਾ ਸੀ ਜੋ ਬਾਅਦ ਵਿੱਚ ਘੁੰਮ ਘੁਮਾਕੇ ਜਰਮਨ ਸੈੱਟ ਹੋ ਗਿਆ। ਹੁਣ ਉਹ ਬਲਦੇਵ ਹੁਸਲਰ ਦੇ ਨਾਮ ਨਾਲ ਵਿਚਰਦਾ ਹੈ। ਇੱਥੇ ਓਹਨਾ ਦੇ ਅੰਗੂਰ ਅਤੇ ਕਿੰਨੂ ਦੇ ਬਾਗ ਸਨ। ਹੁਣ ਉਹ ਸ਼ੋਸ਼ਲ ਮੀਡੀਆ ਤੇ ਕਾਫੀ ਐਕਟਿਵ ਹੈ। ਲੋਹਾਰੇ ਵਾਲਾ ਭੁਪਿੰਦਰ ਮੇਰੇ ਨਾਲ ਕਾਲਜ ਵਿੱਚ ਵੀ ਪੜ੍ਹਿਆ। ਤੇ ਮਹਿੰਦਰ ਸਿੰਘ ਨੂੰ ਮੈਂ ਕਈ ਸਾਲ ਸਾਈਕਲ ਤੇ ਦੁੱਧ ਢੋਂਦਾ ਹੀ ਵੇਖਦਾ ਰਿਹਾ। ਇਹ ਗੱਲ ਨਹੀਂ ਕਿ ਮੇਰੇ ਸਹਿਪਾਠੀ ਹੀ ਮੇਰੇ ਬੇਲੀ ਸਨ। ਕਈ ਅਨਪੜ੍ਹ ਵੀ ਮੇਰੇ ਪਾਗੀ ਸਨ। ਤਾਏ ਜੋਗਿੰਦਰ ਕਾ ਭੋਪਲ ਵੀ ਮੇਰਾ ਬੇਲੀ ਸੀ ਭਾਵੇਂ ਇਹ ਕਦੇ ਸਕੂਲ ਨਹੀਂ ਸੀ ਗਿਆ। ਬੱਕਰੀਆਂ ਚਾਰਨਵਾਲਾ ਟਿਟਬਿਟੀਆਂ ਵੀ ਮੇਰਾ ਲਿਹਾਜੀ ਸੀ ਉਹ ਬਾਹਲਾ ਥੁਥਲਾਕੇ ਬੋਲਦਾ। ਬਾਬੇ ਮੁਕੰਦ ਸਿੰਘ ਜਿਸ ਅਸੀਂ ਬਾਬਾ ਪੋਕਾ ਆਖਦੇ ਸੀ ਦੇ ਤਿੰਨੇ ਮੁੰਡੇ ਮੇਰੇ ਆੜੀ ਸਨ। ਚਾਚੀ ਜਸਕੁਰ ਦੇ ਮੁੰਡੇ ਤੇਜਾ ਤੇ ਜਿੰਦਰੀ ਜੋ ਕਦੇ ਸਕੂਲ ਨਹੀਂ ਗਏ ਉਹ ਵੀ ਮੇਰੇ ਨਾਲ ਬਹੁਤ ਵਧੀਆ ਬੋਲਦੇ ਸਨ। ਇਹ ਮੇਰਾ ਪਿੰਡ ਘੁਮਿਆਰਾ ਬਹੁਤ ਵਧੀਆ ਸੀ। ਅਸੀਂ ਖੂਬ ਲੜਾਈਆਂ ਵੀ ਕਰਦੇ ਪਰ ਅਗਲੇ ਦਿਨ ਇੱਕ ਹੋ ਜਾਂਦੇ। ਆੜੀ ਟੁੱਟ ਹੀ ਹੋ ਜਾਂਦੀ। ਫਿਰ ਮਿਲ ਜਾਂਦੇ। ਸਹਿਰੀਏ 'ਮੇਰੀ ਦੋ ਹੈ।' ਕਹਿੰਦੇ ਤੇ ਦੁਬਾਰਾ ਮਿਲਣ ਨੂੰ 'ਇੱਕ ਹੈ।' ਕਹਿੰਦੇ। ਪਿੰਡ ਵਿੱਚ ਸਾਡੀਆਂ ਲਿਹਾਜਾਂ ਦੋਸਤੀਆਂ ਯਾਰੀਆਂ ਬੇਗਰਜ ਹੁੰਦੀਆਂ ਸਨ। ਹਰ ਕਿਸੇ ਨੂੰ ਅਕਸਰ ਨਿੱਕ ਨੇਮ ਜਾਂ ਅੱਧੇ ਨਾਮ ਨਾਲ ਬੁਲਾਇਆ ਜਾਂਦਾ ਸੀ। ਤੂੰ ਕਰਕੇ ਹੀ ਸੰਬੋਧਨ ਕੀਤਾ ਜਾਂਦਾ ਸੀ। ਬਹੁਤੇ ਵਾਰੀ ਤਾਂ ਬਾਪੂ ਬੇਬੇ ਦਾਦਾ ਦਾਦੀ ਅਤੇ ਵੱਡਿਆਂ ਨੂੰ ਵੀ ਤੂੰ ਹੀ ਆਖਿਆ ਜਾਂਦਾ ਸੀ। ਸਕੂਲ ਵਿੱਚ ਮਾਸਟਰਾਂ ਲਈ ਵੀ ਤੁਸੀਂ ਸ਼ਬਦ ਵਰਤਿਆ ਜਾਂਦਾ ਸੀ। ਇਹ ਹੀ ਹਾਲ 'ਜੀ' ਸ਼ਬਦ ਦਾ ਹੁੰਦਾ ਸੀ। ਕਿਸੇ ਨੂੰ ਬਿਨਾਂ ਜੀ ਲਗਾਏ ਬੁਲਾਉਣ ਨਾਲ ਜਿਆਦਾ ਅਪਣੱਤ ਨਜ਼ਰ ਆਉਂਦੀ ਸੀ।



**ਰਮੇਸ ਸੇਠੀ ਬਾਦਲ**
ਮੋ 98 766 27 233

# ਚੌਥੀ ਸਲਾਨਾ ਧਾਰਮਿਕ ਪ੍ਰਤੀਯੋਗਤਾ ਵਿਚ ਅਮਰੀਕਾ ਦੇ ਈਸਟ-ਕੋਸਟ ਦੀਆਂ 7 ਸਟੇਟਾਂ ਵਿਚ ਕਰਵਾਏ ਗਏ ਬੱਚਿਆਂ ਦੇ ਮੁਕਾਬਲਿਆਂ ਨੇ ਛੂਹੀਆਂ ਨਵੀਆਂ ਬੁਲੰਦੀਆਂ

**ਚਾਰ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ, ਸਮਰਪਿਤ ਵਰਲਡ ਸਿੱਖ ਪਾਰਲੀਮੈਂਟ ਦੀਆਂ ਵਿਦਿਅਕ, ਧਾਰਮਿਕ ਕੌਂਸਲਾਂ ਦੇ ਇਸ ਉੱਦਮ ਨੂੰ ਮਿਲ ਰਿਹਾ ਹੈ ਬਹੁਤ ਪਿਆਰ ਅਤੇ ਵੱਡਾ ਹੁਲਾਰਾ**











**ਨਿਊਯਾਰਕ** : ਸਿੱਖ ਕੌਮ ਦੇ ਮਾਣਮੱਤੇ ਇਤਿਹਾਸ, ਵਿਰਸੇ ਤੇ ਗੁਰਬਾਣੀ ਨਾਲ ਜੋੜਣ ਲਈ ਵਰਲਡ ਸਿੱਖ ਪਾਰਲੀਮੈਂਟ ਦੀਆਂ ਵਿਦਿਅਕ, ਧਾਰਮਿਕ ਕੌਂਸਲਾਂ ਵਲੋਂ ਗੁਰੂ ਸਾਹਿਬ ਦੀ ਕਿਰਪਾ ਨਾਲ ਵੱਖ ਵੱਖ ਪ੍ਰੋਗਰਾਮ ਉਲੀਕੇ ਜਾਂਦੇ ਹਨ। ਅਮਰੀਕਾ ਵਿਚ ਹਰ ਸਾਲ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਪ੍ਰਤੀਯੋਗਤਾ ਮੁਕਾਬਲੇ ਕਰਵਾਏ ਜਾਂਦੇ ਹਨ। ਜਿਸ ਨਾਲ ਕਿ ਪੱਛਮੀ ਸੱਭਿਆਚਾਰ ਦੇ ਅਸਰ ਹੇਠ ਆਪਣੇ ਮਾਣਮੱਤੇ ਇਤਿਹਾਸ ਤੋਂ ਦੂਰ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਦੁਨੀਆ ਦੇ ਇਤ੍ਹਿਹਾਸ ਵਿਚ ਨਿਵੇਕਲੇ ਇਸ ਲਾਸਾਨੀ ਸਿੱਖ ਵਿਰਸੇ ਬਾਰੇ ਜਾਣੂ ਕਰਵਾਕੇ ਜੋੜਿਆ ਜਾ ਸਕੇ। ਇਸ ਪ੍ਰੋਗਰਾਮ ਲਈ ਬੱਚਿਆਂ ਨੂੰ ਤਿੰਨ ਉਮਰ ਵਰਗਾਂ ਵਿਚ ਰੱਖਿਆ ਜਾਂਦਾ ਹੈ, ਅਤੇ ਹਰ ਵਰਗ ਦੇ ਬੱਚਿਆਂ ਨੇ ਸਵਾਲ-ਜਵਾਬ (ਕੁਇਜ਼), ਗੁਰਬਾਣੀ ਕੰਠ, ਅਤੇ ਸਪੀਚ ਦੇ ਨਾਲ-ਨਾਲ ਇਸ ਵਾਰ ਤੀਰ ਅੰਦਾਜੀ ਦੇ ਮੁਕਾਬਲਿਆਂ ਵਿਚ ਵੀ ਹਿਸਾ ਲਿਆ। 30 ਨਵੰਬਰ ਤੋ ਸ਼ੁਰੂ ਹੋ ਕੇ 21 ਦਸੰਬਰ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਹਰ ਵੀਕਐਂਡ ਤੇ ਸ਼ੁੱਕਰ, ਸ਼ਨੀ ਤੇ ਐਤਵਾਰ ਨੂੰ ਮੁਕਾਬਲਿਆਂ ਲਈ ਸੱਤ ਸਟੇਟਾਂ ਵਿਚ ਵੱਖ ਵੱਖ ਪੰਦਰਾਂ ਸੈਂਟਰ ਬਣਾਏ ਗਏ, ਜਿਨ੍ਹਾਂ ਵਿਚ ਵਰਜੀਨੀਆ ਦੇ ਗੁਰਦੁਆਰਾ ਸਿੰਘ ਸਭਾ ਫੇਅਰਫੈਕਸ। ਨਿਊਯਾਰਕ ਦੇ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਸਿੱਖ ਸੈਂਟਰ ਆਫ ਨਿਊਯਾਰਕ ਫਲੱਸ਼ਿੰਗ/ਕੁਈਨਜ ਵਿਲੇਜ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਗੁਰੂ ਗੋਬਿੰਦ ਸਿੰਘ ਸਿੱਖ ਸੈਂਟਰ ਪਲੇਨਵਿਊ। ਨਿਊਜਰਸੀ ਦੇ ਗੁਰਦੁਆਰਾ ਦਸ਼ਮੇਸ਼ ਦਰਬਾਰ ਕਾਰਟਰੇਟ, ਸਿੱਖ ਗੁਰਦੁਆਰਾ ਆਫ ਪਾਈਨਹਿੱਲ, ਸ਼੍ਰੀ ਗੁਰੂ ਸਿੰਘ ਸਭਾ ਗਲੈਨਰਾਕ। ਕਨੈਕਟੀਕਟ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਊਥਿੰਗਟਨ। ਪੈਨਸਿਲਵੇਨੀਆ ਦੇ ਗੁਰਦੁਆਰਾ ਸਿੱਖ ਸੋਸਾਇਟੀ ਆਫ ਹੈਰਿਸਬਰਗ, ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ ਵੈਲੀ ਨੈਜਰਥ, ਗੁਰਦੁਆਰਾ ਸਿੱਖ ਸਾਧਸੰਗਤ ਈਸਟਨ। ਮੇਰੀਲੈਂਡ ਦੇ ਗੁਰਦੁਆਰਾ ਬਾਲਟੀਮੋਰ ਸਿੱਖ ਸੋਸਾਇਟੀ। ਮੈਸਾਚਿਊਸਟਸ ਦੇ ਗੁਰਦੁਆਰਾ ਸਿੱਖ ਸੰਗਤ ਐਵਰੈਟ ਬੌਸਟਨ, ਗੁਰਦੁਆਰਾ ਗੁਰੂ ਨਾਨਕ ਦਰਬਾਰ ਮੈਡਫੋਰਡ ਬੌਸਟਨ; ਵਿਖੇ ਸੈਂਟਰ ਬਣਾਏ ਗਏ। ਜਿੰਨਾ ਵਿੱਚ ਸੱਤ ਸੌ ਤੋਂ ਵੱਧ ਬੱਚਿਆਂ ਨੇ ਹਿਸਾ ਲਿਆ।

ਇਸ ਧਾਰਮਿਕ ਪ੍ਰਤੀਯੋਗਤਾ ਦਾ ਫਾਈਨਲ ਪ੍ਰੋਗਰਾਮ 21 ਦਸੰਬਰ 2024 ਨੂੰ ਸਿੱਖ ਗੁਰਦੁਆਰਾ ਆਫ ਪਾਈਨਹਿੱਲ, ਨਿਊਜਰਸੀ ਦੇ ਵਿਚ ਕਰਵਾਇਆ ਗਿਆ। ਜਿਥੇ ਕੇ ਸਾਰੇ 15 ਸੈਂਟਰਾਂ ਤੋਂ ਤਿੰਨੇ ਉਮਰ ਵਰਗਾਂ ਵਿਚੋਂ ਅੱਵਲ ਰਹੇ ਬੱਚਿਆਂ ਨੇ ਫਾਈਨਲ ਸਪੀਚ ਮੁਕਾਬਲੇ ਵਿਚ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ੧੯੮੪ ਨਾਲ ਸਬੰਧਤ ਆਪੋ ਆਪਣੇ ਵਿਸ਼ਿਆਂ ਬਾਰੇ ਬਹੁਤ ਭਾਵਪੂਰਤ ਸਪੀਚਾਂ ਦਿੱਤੀਆਂ। ਪ੍ਰੋਗਰਾਮ ਦੇ ਅਖੀਰ ਵਿਚ ਇਕ ਬਹੁਤ ਹੀ ਪ੍ਰਭਾਵਸ਼ਾਲੀ ਇਨਾਮ ਵੰਡ ਸਮਾਗਮ ਹੋਇਆ। ਜਿਸ ਦੌਰਾਨ ਈਸਟ-ਕੋਸਟ ਦੀਆਂ ਪ੍ਰਸਿੱਧ ਹਸਤੀਆਂ ਅਤੇ ਸਿੱਖ ਲੀਡਰਾਂ ਨੇ ਆਪਣੇ ਕਰ ਕਮਲਾਂ ਨਾਲ, ਸਵਾਲ-ਜਵਾਬ (ਕੁਇਜ਼), ਗੁਰਬਾਣੀ ਕੰਠ, ਅਤੇ ਸਪੀਚ ਦੇ ਮੁਕਾਬਲਿਆਂ ਵਿਚ ਤਿੰਨੇ ਉਮਰ ਵਰਗਾਂ ਵਿਚ ਪਹਿਲੇ, ਦੂਜੇ, ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਬਹੁਤ ਹੀ ਆਕਰਸ਼ਕ ਅਤੇ ਵੱਡੇ ਇਨਾਮ ਦਿਤੇ, ਅਤੇ ਨਾਲ ਹੀ ਸਾਰੇ ਭਾਗ ਲੈਣ ਵਾਲੇ ਬੱਚਿਆਂ ਨੂੰ ਗਿਫਟ-ਕਾਰਡ ਦਿੱਤੇ ਗਏ। ਸਾਰੇ ਗੁਰਦੁਆਰਾ ਸੈਂਟਰਾਂ ਨੂੰ ਵਿਸ਼ੇਸ਼ ਯਾਦਗਾਰੀ ਸਨਮਾਨ ਭੇਟ ਕੀਤੇ ਗਏ। ਅਮਰੀਕਾ ਰੀਜਨ ਵਿਚ ਈਸਟ-ਕੋਸਟ ਲੈਵਲ ਦੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਬੱਚਿਆਂ ਦੇ ਮਾਪਿਆਂ ਦੇ ਨਾਲ, ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਖਾਲਸਾ ਸਕੂਲਾਂ, ਪੰਥਕ ਜਥੇਬੰਦੀਆਂ, ਅਤੇ ਸਿੱਖ ਸੰਗਤਾਂ ਨੇ ਭਰਪੂਰ ਸਹਿਜੋਗ ਦਿਤਾ ਅਤੇ ਵਿਦਿਅਕ, ਧਾਰਮਿਕ ਕੌਂਸਲਾਂ ਦੇ ਇਸ ਉਦਮ ਦੀ ਸ਼ਲਾਘਾ ਕੀਤੀ। ਆਉਣ ਵਾਲੇ ਸਮੇ ਵਿਚ ਸੰਗਤਾਂ ਵੱਲੋਂ ਇਹ ਪ੍ਰੋਗਰਾਮ ਅਮਰੀਕਾ ਅਤੇ ਹੋਰ ਰੀਜਨਾਂ ਵਿਚ ਕਰਵਾਉਣ ਦੀ ਪ੍ਰਬੰਧਕਾਂ ਕੋਲੋਂ ਬਹੁਤ ਪੁਰਜ਼ੋਰ ਮੰਗ ਕੀਤੀ ਗਈ। ਸੇਵਾਦਾਰਾਂ ਵੱਲੋ ਗੁਰੂ ਪਾਤਸ਼ਾਹ ਦੀ ਕਿਰਪਾ ਤੇ ਸੰਗਤਾਂ ਦੇ ਸਹਿਯੋਗ ਨਾਲ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੇ ਉਦਮ ਉਪਰਾਲੇ ਕਰਦੇ ਰਹਿਣ ਲਈ ਅਰਜੋਈ ਹੈ ਕਿ ਮਹਾਰਾਜ ਕਿਰਪਾ ਕਰਨ ਤਾਂ ਕਿ ਗੁਰੂ ਨਾਨਕ ਸਾਹਿਬ ਦਾ ਸਰਬ ਸਾਂਝੀਵਾਲਤਾ ਦਾ ਮਨੁੱਖਤਾਵਾਦੀ ਸੰਦੇਸ਼ ਨੌਜਵਾਨਾਂ ਬੱਚਿਆਂ ਤੋਂ ਲੈ ਕੇ ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਾਇਆ ਜਾਵੇ॥

**ਜਾਰੀ ਕਰਤਾਃ ਹਿੰਮਤ ਸਿੰਘ (ਵਰਲਡ ਸਿੱਖ ਪਾਰਲੀਮੈਂਟ ਕੋਆਰਡੀਨੇਟਰ)**
**646-348-7745**

# ਬਾਲਪਨ ਦੀ ਸ਼ਾਇਰੀ ਨਾਲ਼ ਲਬਰੇਜ਼ ਪੁਸਤਕ-'ਮੇਰੀ ਅੱਲੜ੍ਹ ਵਰੇਸ'

**ਪੁਸਤਕ ਮੇਰੀ ਨਜ਼ਰ ਵਿੱਚ**

ਬਚਪਨ ਦੀਆਂ ਯਾਦਾਂ ਕੋਰੇ ਕਾਗਜ਼ ਤੇ ਆਪਣੀ ਛਾਪ ਛੱਡ ਜਾਂਦੀਆਂ ਹਨ ਜਿਹੜੀਆਂ ਉਮਰ ਭਰ ਵਿਅਕਤੀ ਨੂੰ ਚੇਤ ਅਚੇਤ ਮਨ ਵਿੱਚੋਂ ਨਹੀਂ ਭੁਲਦੀਆਂ। ਫਿਰ ਜਿਉਂ ਜਿਉਂ ਉਮਰ ਵਧਦੀ ਜਾਂਦੀ ਹੈ ਭਾਵੇਂ ਆਪਣੇ ਪ੍ਰੀਵਾਰਕ ਰੁਝੇਵਿਆਂ ਵਿੱਚ ਛੁਪੀਆਂ ਰਹਿੰਦੀਆਂ ਹਨ ਪਰ ਉਮਰ ਦੇ ਪਿਛਲੇ ਪੜਾਅ ਵਿੱਚ ਯਾਦ ਕਰਕੇ ਵਿਅਕਤੀ ਗੱਦ ਗੱਦ ਹੋ ਜਾਂਦਾ ਹੈ। ਡਾ. ਉਜਾਗਰ ਸਿੰਘ ਮਾਨ ਵੀ ਆਪਣੀਆਂ ਬਚਪਨ ਦੀਆ ਯਾਦਾਂ ਨੂੰ ਹੁਣ ਤੱਕ ਸਾਂਭੀ ਬੈਠਾ ਹੈ ਜਿਹਨਾਂ ਨੂੰ ਪੁਸਤਕ ਦੇ ਰੂਪ ਵਿੱਚ ਆਪਣੇ ਦੋਸਤਾਂ ਮਿੱਤਰਾਂ ਨਾਲ਼ ਸਾਂਝੀਆਂ ਕਰਕੇ ਮਾਣ ਮਹਿਸੂਸ ਕਰ ਰਿਹਾ ਹੈ। ਡਾ. ਮਾਨ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਪੰਜਾਬ ਤੋਂ ਰਿਟਾਇਰ ਹੋਣ ਉਪਰੰਤ ਪੁਸਤਕਾਂ ਪ੍ਰਕਾਸ਼ਿਤ ਕਰਵਾ ਰਿਹਾ ਹੈ। ਉਸਨੇ ਆਪਣੀ ਜ਼ਿੰਦਗੀ ਵਿੱਚ ਹੁਣ ਤੱਕ ਜਿੰਨੀਆਂ ਵੀ ਕਵਿਤਾਵਾਂ/ਗੀਤ/ਗ਼ਜ਼ਲ/ਟੱਪੇ ਆਦਿ ਦੀ ਰਚਨਾ ਕੀਤੀ ਉਹ ਹੁਣ ਤੱਕ ਸਿਰਫ ਕਾਗ਼ਜ਼ਾਂ ਤੱਕ ਹੀ ਮਹਿਫੂਜ਼ ਸੀ ਪਰ ਸੇਵਾ ਮੁਕਤ ਹੋਣ ਤੋਂ ਬਾਅਦ ਉਸ ਨੇ ਇਹਨਾਂ ਰਚਨਾਵਾਂ ਨੂੰ ਕਿਤਾਬੀ ਰੂਪ ਦਿੱਤਾ। ਫੁੱਟਦੀ ਜਵਾਨੀ ਵਿੱਚ ਹਰ ਕਿਸੇ ਦੇ ਮਨ ਵਿੱਚ ਕੁਝ ਤਰੰਗਾਂ ਉਠਦੀਆਂ ਹਨ ਅਤੇ ਉਹ ਆਪਣੇ ਹਾਵ-ਭਾਵ ਆਪਣੀ ਕਲਮ ਜਾਂ ਜ਼ੁਬਾਨ ਨਾਲ ਪ੍ਰਗਟ ਕਰਦਾ ਹੈ। ਹਸਮੁੱਖ ਹੋਣ ਦੇ ਬਾਵਜੂਦ ਉਸਨੇ ਪੜਾਈ ਦੌਰਾਨ ਆਪਣਾ ਤਖ਼ਲੱਸ 'ਦੁਖੀਆ' ਪਤਾ ਨਹੀਂ ਕਿਉਂ ਰੱਖਿਆ ਸੀ? ਇਸੇ ਤਰ੍ਹਾਂ ਡਾ. ਉਜਾਗਰ ਸਿੰਘ ਮਾਨ ਨੇ ਆਪਣੇ ਬਚਪਨ ਜਵਾਨੀ ਦੇ ਸਮੇਂ ਦੀਆਂ ਵਾਧ-ਘਾਟਾਂ ਸਬੰਧੀ ਕੀਤੀਆਂ ਰਚਨਾਵਾਂ ਨੂੰ ਹੁਣ ਤੱਕ ਸਾਂਭ ਕੇ ਰੱਖਿਆ ਹੈ।




ਹਥਲੀ ਪੁਸਤਕ 'ਮੇਰੀ ਅੱਲੜ੍ਹ ਵਰੇਸ' ਕਾਵਿ ਸੰਗ੍ਰਹਿ ਡਾ. ਮਾਨ ਦੀ ਦੂਜੀ ਕਾਵਿ ਪੁਸਤਕ ਹੈ। ਇਸ ਤੋਂ ਇਲਾਵਾ ਲੇਖਕ ਨੇ ਪਿੱਛੇ ਜਿਹੇ ਲਗਾਤਾਰ ਦੋ ਕਾਵਿ ਪੁਸਤਕਾਂ ਪਾਠਕਾਂ ਨੂੰ ਸਮਰਪਿਤ ਕੀਤੀਆਂ। ਪਹਿਲੀ ਕਾਵਿ ਪੁਸਤਕ 'ਜਟਕੀ ਕਵਿਤਾ' (ਬਾਲ ਵਰੇਸ) ਅਤੇ ਤੀਜੀ ਕਾਵਿ ਪੁਸਤਕ 'ਉਮਰ ਲੰਘਦੀ ਗਈ' ਨਾਲ਼ ਸਾਹਿਤਕ ਖੇਤਰ ਵਿੱਚ ਹਾਜ਼ਰੀ ਲਗਵਾਈ ਹੈ। ਇਸ ਪੁਸਤਕ ਦਾ ਕਾਰਜਕਾਲ ਸਾਲ 1965 ਤੋਂ 1969 ਤੱਕ ਦਾ ਹੈ। ਜਿਹੜੀਆਂ ਉਸਨੇ ਪ੍ਰੈਪ ਦੀ ਕਲਾਸ ਤੋਂ ਲੈ ਕੇ ਸ਼ਾਮਲ ਕੀਤੀਆਂ ਹਨ। ਲੇਖਕ ਦਾ ਪਿਛੋਕੜ ਪਿੰਡ ਰਾਜਗੜ੍ਹ ਹੈ ਪਰ ਹੁਣ ਸਾਹਿਤ ਦੇ ਮੱਕੇ ਬਰਨਾਲਾ ਦਾ ਵਸਨੀਕ ਹੈ। ਇਸ ਪੁਸਤਕ ਨੂੰ ਉਸਨੇ ਆਪਣੇ ਉਹਨਾਂ ਸਾਰੇ ਅਧਿਆਪਕਾਂ ਨੂੰ ਸਮਰਪਿਤ ਕੀਤੀ ਹੈ ਜਿਨ੍ਹਾਂ ਦੀ ਬਦੌਲਤ ਪੜ੍ਹ ਕੇ ਉਹ ਵੈਟਰਨਰੀ ਡਾਕਟਰ ਬਣਿਆ। ਇਸ ਪੁਸਤਕ ਦਾ ਮੁੱਖ ਬੰਦ ਉਸ ਦੇ ਸਹਿਪਾਠੀ ਜਗਤਾਰ ਬੈਂਸ ਨੇ ਲਿਖਿਆ ਹੈ ਅਤੇ ਨਾਲ਼ ਹੀ ਡਾ. ਭੁਪਿੰਦਰ ਸਿੰਘ ਬੇਦੀ ਅਤੇ ਰਾਜਵਿੰਦਰ ਸਿੰਘ ਰਾਹੀ ਨੇ ਵੀ ਆਪਣੇ ਵਿਚਾਰ ਅੰਕਿਤ ਕੀਤੇ ਹਨ।

ਪੁਸਤਕ ਦਾ ਆਗਾਜ਼ 'ਡਾਕਟਰੀ ਦੀ ਵਿਦਿਆ' ਤੋਂ ਲੈ ਕੇ ਪ੍ਰੈਪ ਦਾ ਝਟਕਾ ਨਵਾਂ ਸਾਲ ਐਸ. ਡੀ. ਕਾਲਜ ਦਾ ਦਾਖਲਾ ਬਦਲਿਆ ਸਮਾਂ ਅੱਧਖੜ ਉਮਰ ਦਾ ਸੁਹੱਪਣ ਅਤੇ ਪੁਰਾਣ ਮਿੱਤਰ ਵਿੱਚੋਂ ਹੁੰਦਾ ਹੋਇਆ ਰੁਲਦਾ ਬਚਪਨ ਤੇ ਆ ਕੇ ਮੁਕਦਾ ਹੈ। ਪੁਸਤਕ ਦਾ ਮੁਤਾਲਿਆ ਕਰਨ ਤੇ ਉਸ ਦੀ ਕਵਿਤਾ ਚੇਤਿਆਂ ਵਿੱਚ ਵਸੇ ਗੀਤ ਕਲੀਆਂ ਬੋਲੀਆਂ ਰਾਹੀ ਅਮਰ ਸਿੰਘ ਸ਼ੌਂਕੀ ਲਾਲ ਚੰਦ ਯਮਲਾ ਜੱਟ ਮੁਹੰਮਦ ਸਦੀਕ ਅਤੇ ਇੰਦਰਜੀਤ ਹਸਨਪੁਰੀ ਦੇ ਗੀਤਾਂ ਦੀ ਯਾਦ ਤਾਜ਼ਾ ਕਰਵਾਉਂਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਅੱਲੜ੍ਹ ਜਵਾਨੀ ਦੀਆਂ ਹਰਕਤਾਂ ਕੰਮ ਅਤੇ ਜੀਵਨ ਦਾ ਵਰਨਣ ਕੀਤਾ ਗਿਆ ਹੈ। ਸਕੂਲਾਂ ਕਾਲਜਾਂ ਵਿੱਚ ਫਿਰਦੇ ਮੰਡੀਰ ਦੀ ਗੱਲ ਕਰਦਿਆਂ ਕਵਿਤਾ 'ਐਸ ਡੀ ਕਾਲਜ ਬਰਨਾਲਾ ਦਾਖਲਾ' ਦੇ ਸਿਰਲੇਖ ਹੇਠ ਲਿਖਿਆ ਹੈ :-

'ਅਲਕ ਵਛੇੜਿਆਂ ਵਾਂਗੂੰ ਮੁੰਡੇ ਫਿਰਦੇ ਮੇਲਾ ਜਿਵੇਂ ਛਪਾਰ ਦਾ
ਉੱਚੀ ਗੱਲਾਂ ਉੱਚੀ ਹੱਸਦੇ ਡਰ ਨਹੀਂ ਕਿਸੇ ਸਰਕਾਰ ਦਾ।' (ਪੰਨਾ 23)

ਆਪਣੀ ਪ੍ਰੈਪ ਦੀ ਪੜਾਈ ਨਾਲ਼ ਐਨ ਸੀ ਸੀ ਦੇ ਕੋਰਸ ਧੂਰੀ ਦੀ ਸੈਰ ਦੌਰਾਨ ਖੰਡ ਮਿਲ ਦੇਖਣ ਦੀ ਇੱਛਾ ਸਫਰ ਦੌਰਾਨ ਰੇਲ ਗੱਡੀ ਵਿੱਚ ਕਿਸੇ ਔਰਤ ਦਾ ਸਫ਼ਰ ਜਵਾਨੀ ਨੂੰ ਪ੍ਰਭਾਵਿਤ ਹੁੰਦਿਆਂ ਅੱਲੜ੍ਹਪੁਣੇ ਦੀ ਅੱਲੜ੍ਹ ਅਕਲ ਨਿੱਤ ਨਵੇਂ ਚੰਦ ਚਾੜਦੀ ਜਵਾਨੀ ਦਾ ਵਰਨਣ ਵੀ ਕਵਿਤਾ 'ਸਬਰ ਸੰਤੋਖ' ਵਿੱਚ ਕੀਤਾ ਹੈ :-

'ਅਲ੍ਹੜਪੁਣੇ ਦੀ ਅਲੜ੍ਹ ਅਕਲ ਨਵੇਂ ਚੰਦ ਚਾੜਦੀ।
ਰਹੇ ਬਦਨ ਭਖਦਾ ਜਿਵੇਂ ਰੁੱਤ ਜੇਠ ਹਾੜ ਦੀ।'
(ਪੰਨਾ 36)

ਪੁਸਤਕ ਜਵਾਨੀ ਦੇ ਸੁਪਨਿਆਂ ਦੀ ਗੱਲ ਤਾਰਿਆਂ ਭਰੀ ਰਾਤ ਦੀ ਸੱਚੀ ਕਹਾਣੀ ਇੱਕ ਤਰਫਾ ਪਿਆਰ ਦੀ ਗੱਲ ਵੀ ਕਰਦੀ ਹੈ। ਇਸੇ ਪਿਆਰ ਦੀ ਕਹਾਣੀ ਦੌਰਾਨ ਕਵੀ ਬਰਨਾਲੇ ਦੇ ਨੇੜਲੇ ਪਿੰਡ ਦੀ ਕਹਾਣੀ ਵੀ ਪਾਉਂਦਾ ਹੈ ਜਿਹੜੀ ਉਸ ਨੂੰ ਪੱਕਾ ਉਦਾਸ ਵੀ ਕਰਦੀ ਹੈ ਪਰ ਉਸ ਨੇ ਉਸ ਨੇੜਲੇ ਪਿੰਡ ਦੇ ਨਾਂ ਦਾ ਜਿਕਰ ਨਹੀਂ ਕੀਤਾ। ਕਵਿਤਾ 'ਪੱਕੀ ਉਦਾਸੀ' 'ਉਦਾਸ ਪਲ਼' ਅਤੇ 'ਇਸ਼ਕ ਸਦੀਵੀ ਦੀ ਮਾਸੂਮੀਅਤ' ਜਿਸ ਦਾ ਪ੍ਰਮਾਣ ਪੇਸ਼ ਕਰਦੀ ਹੈ। ਕਵਿਤਾ 'ਜਵਾਨੀ ਦੇ ਦਿਨ ਦੀ' ਵਿੱਚ ਸੱਚਾਈ ਪ੍ਰਗਟ ਕੀਤੀ ਹੈ। 'ਉਦਾਸ ਪਲ਼' ਦੀਆਂ ਇਹ ਸਤਰਾਂ ਸੱਚਾਈ ਪੇਸ਼ ਕਰਦੀਆਂ ਹਨ :-

'ਰਾਖ ਮੇਰੀ ਕਰਨ ਵਿੱਚ ਬਹੁਤਿਆਂ ਦਾ ਯੋਗਦਾਨ ਹੈ।
ਭੁਲੇਖਾ ਸੀ ਜ਼ਿਹਨ ਵਿੱਚ ਮਗਰ ਪਿਆ ਭਗਵਾਨ ਹੈ।'
(ਪੰਨਾ 68)

ਪੁਸਤਕ ਦੀਆਂ ਕਵਿਤਾਵਾਂ ਵਿੱਚ ਯਥਾਰਥ ਪਿਆ ਮਿਲਦਾ ਹੈ। ਕਵਿਤਾਵਾਂ ਵਿੱਚ ਲੇਖਕ ਦੇ 1967 ਪ੍ਰੀ ਮੈਡੀਕਲ ਦੇ ਪੇਪਰ ਡਰਾਪ ਕਰਨ ਫਿਜਿਕਸ ਨਾ ਆਉਣ ਅਤੇ ਪੜਾਈ ਦੌਰਾਨ ਪ੍ਰਾਪਤ ਕੀਤੇ ਅੰਕਾਂ ਦਾ ਵੇਰਵਾ ਵੀ ਪਾਇਆ ਗਿਆ ਹੈ। ਪੁਸਤਕ ਦੀਆਂ ਹੋਰ ਕਵਿਤਾਵਾਂ ਸਮੇਂ ਦੇ ਰੰਗ ਸੂਰਮਗਤੀ ਜੀਅ ਨਹੀਂ ਲਗਦਾ ਅੱਲ ਦੀ ਪਟੱਲ ਰੁਲਦਾ ਬਚਪਨ ਆਦਿ ਪੜ੍ਹਨਯੋਗ ਹਨ।

ਪੁਸਤਕ ਦੀ ਭਾਸ਼ਾ ਜਿੱਥੇ ਸਰਲ ਹੈ ਉੱਥੇ ਦਿਲਚਸਪ ਵੀ ਹੈ। ਕਵਿਤਾ ਦਾ ਪਾਠ ਕਰਦਿਆਂ ਜ਼ਿਹਨ ਵਿੱਚ ਆਉਂਦਾ ਹੈ ਜਿਵੇਂ ਕਵਿਸ਼ਰੀ ਦਾ ਪਾਠ ਕਰ ਰਹੇ ਹੋਈਏ। ਕਾਵਿ ਰਚਨਾਵਾਂ ਵਿੱਚ ਹਾਸ ਰਸ ਕਵਿਤਾਵਾਂ ਵੀ ਮਿਲਦੀਆਂ ਹਨ ਜਿਹੜੀਆਂ ਪਾਠਕਾਂ ਨੂੰ ਉਕਤਾਉਂਦੀਆਂ ਨਹੀਂ। ਡਾ. ਮਾਨ ਦੀਆਂ ਅਜੇ ਹੋਰ ਵੀ ਕਈ ਪੁਸਤਕਾਂ ਪ੍ਰਕਾਸ਼ਨ ਗੋਚਰ ਹਨ ਉਮੀਦ ਹੈ ਉਹ ਵੀ ਜਲਦੀ ਪਾਠਕਾਂ ਦੇ ਸਨਮੁੱਖ ਪੇਸ਼ ਹੋਣਗੀਆਂ।



ਪੁਸਤਕ ਦਾ ਨਾਂ ਮੇਰੀ ਅੱਲੜ੍ਹ ਵਰੇਸ

**ਲੇਖਕ ਡਾ. ਉਜਾਗਰ ਸਿੰਘ ਮਾਨ**

**ਪੰਨੇ 96**

**ਮੁੱਲ 200/-**

**ਪ੍ਰਕਾਸ਼ਕ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ।**

**ਤੇਜਿੰਦਰ ਚੰਡਿਹੋਕ**
**ਸਾਬਕਾ ਏ.ਐਸ.ਪੀ, ਨੈਸ਼ਨਲ ਐਵਾਰਡੀ ਬਰਨਾਲਾ।**
**ਸੰਪਰਕ 95010-00224**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com